**PUNJAB STATE INFORMATION COMMISSION**
**Red Cross Building, Near Rose Garden,**
**Sector 16, Chandigarh.**
**Ph: 0172-2864113, Email: - psic23@punjabmail.gov.in**
**Visit us: - www.infocommpunjab.com**

ਸ੍ਰੀ ਪਵਨ ਕੁਮਾਰ ਸ਼ਰਮਾਂ, ਵਕੀਲ 9463950619
ਮਕਾਨ ਨ: 585 ਫੇਜ਼ 2 ਮੁਹਾਲੀ। ----ਸ਼ਿਕਾਇਤਕਰਤਾ

<u>ਬਨਾਮ</u>

ਲੋਕ ਸੂਚਨਾ ਅਧਿਕਾਰੀ,
ਐਸ.ਐਮ.ਓ. ਸਿਵਲ ਹਸਪਤਾਲ ਮੋਹਾਲੀ। -----ਉੱਤਰਦਾਤਾ

**<u>ਸ਼ਿਕਾਇਤ ਕੇਸ ਨੰ: 1162 ਆਫ 2018</u>**

**<u>ਹਾਜ਼ਰ:</u>**

1. ਸ਼ਿਕਾਇਤਕਰਤਾ ਵਲੋਂ ਕੋਈ ਨਹੀਂ।
2. ਉੱਤਰਦਾਤਾ (ਲੋਕ ਸੂਚਨਾ ਅਫਸਰ) ਵਲੋਂ ਕੋਈ ਨਹੀਂ।

**<u>ਹੁਕੱਮ:</u>**

ਸ਼ਿਕਾਇਤਕਰਤਾ ਨੇ ਸੂਚਨਾ ਦਾ ਅਧਿਕਾਰ ਐਕਟ, 2005 ਅਧੀਨ ਇਕ ਬਿਨੈ ਪੱਤਰ ਮਿਤੀ 20-09-2019, ਲੋਕ ਸੂਚਨਾ ਅਧਿਕਾਰੀ ਦਫਤਰ ਐਸ.ਐਮ.ਓ. ਸਿਵਲ ਹਸਪਤਾਲ ਮੋਹਾਲੀ ਨੂੰ ਪੇਸ਼ ਕੀਤਾ ਗਿਆ ਜਿਸ ਰਾਹੀਂ ਉਸ ਨੇ ਸਿਵਲ ਹਸਪਤਾਲ ਮੋਹਾਲੀ ਤੋਂ ਉਨ੍ਹਾਂ ਵਲੋਂ ਖਰੀਦੀ ਜਾਣ ਵਾਲੀ ਡੇਲੀ ਆਈਟਮਾਂ ਨੂੰ ਸਪਲਾਈ ਕਰਨ ਵਾਲੇ ਵੈਂਡਰਾਂ ਨੂੰ ਕੀਤੀਆਂ ਅਦਾਇਗੀਆਂ, ਪਰਚੇਜ਼ ਆਡਰਾਂ ਆਦਿ ਨਾਲ ਸਬੰਧਤ 08 ਨੁਕਤਿਆਂ ਸਬੰਧੀ ਸੂਚਨਾ ਮੰਗੀ ਗਈ ਸੀ। ਲੋਕ ਸੂਚਨਾ ਅਧਿਕਾਰੀ ਵੱਲੋਂ ਮੰਗੀ ਗਈ ਸਹੀ ਸੂਚਨਾ ਨਾ ਦੇਣ ਕਾਰਨ ਉਸ ਨੇ ਮਿਤੀ 01-11-2018 ਨੂੰ ਕਮਿਸ਼ਨ ਕੋਲ ਸ਼ਿਕਾਇਤ ਦਾਇਰ ਕੀਤੀ ਸੀ। ਇਸ ਕੇਸ ਵਿਚ ਪੁਰਵਲੇ ਕਮਿਸ਼ਨ ਸ੍ਰੀ ਯਸ਼ਵੀਰ ਮਹਾਜਨ ਜੀ ਵਲੋਂ ਅਗਲੀ ਮਿਤੀ ਬਾਰੇ ਬਾਅਦ ਵਿਚ ਸੂਚਿਤ ਕਰਨ ਲਈ ਲਿਖਿਆ ਗਿਆ ਸੀ। ਇਹ ਕੇਸ ਇਸ ਕਮਿਸ਼ਨ ਨੂੰ ਅਲਾਟ ਹੋਣ ਉਪਰੰਤ ਇਸ ਕਮਿਸ਼ਨ ਵਲੋਂ ਇਸ ਕੇਸ ਨੂੰ ਪੜਚੋਲਣ ਉਪਰੰਤ ਮਿਤੀ 20-12-2019 ਨੂੰ ਨੋਟਿਸ ਜਾਰੀ ਕਰਕੇ ਇਹ ਕੇਸ ਪਹਿਲੀ ਸੁਣਵਾਈ ਮਿਤੀ 04-02-2020 ਨੂੰ ਸਵੇਰੇ 11:30 ਵਜੇ ਲਈ ਨਿਸਚਿਤ ਕੀਤਾ ਗਿਆ ਸੀ ।

2. ਪਿਛਲੀ ਮਿਤੀ 04-02-2020 ਨੂੰ ਪੇਸ਼ੀ ਤੇ ਸ਼ਿਕਾਇਤਰਤਾ ਹਾਜ਼ਰ ਨਹੀਂ ਹੋਇਆ ਪਰ ਉਸ ਵਲੋਂ ਪੱਤਰ ਮਿਤੀ 01-02-2020 ਡਾਕ ਰਾਹੀਂ ਪ੍ਰਾਪਤ ਹੋਇਆ ਜਿਸ ਰਾਹੀਂ ਉਸ ਵਲੋਂ ਦਸਿਆ ਗਿਆ ਕਿ ਪੇਸ਼ੀ ਤੇ ਹਾਜ਼ਰ ਨਹੀਂ ਹੋ ਸਕਦਾ । ਉਸ ਵਲੋਂ ਇਹ ਵੀ ਦਸਿਆ ਗਿਆ ਕਿ ਉਸਨੂੰ ਕਮਿਸ਼ਨ ਦੇ ਹੁਕੱਮ ਮਿਤੀ 8-8-2019 ਉਪਰੰਤ ਵੀ ਅਜੇ ਤੱਕ ਸੂਚਨਾ ਨਹੀਂ ਦਿੱਤੀ ਗਈ। ਉੱਤਰਦਾਤਾ (ਲੋਕ ਸੂਚਨਾ ਅਫਸਰ) ਵਲੋਂ ਕੋਈ ਹਾਜ਼ਰ ਨਹੀਂ ਹੋਇਆ ਅਤੇ ਨਾ ਹੀ ਉਨ੍ਹਾਂ ਵਲੋਂ ਹਾਜ਼ਰ ਨਾ ਹੋਣ ਬਾਰੇ ਕੋਈ ਸੂਚਨਾ ਪ੍ਰਾਪਤ ਹੋਈ ਹੈ। ਦੋਨਾਂ ਧਿਰਾਂ ਵਲੋਂ ਪੇਸੀ ਤੇ ਕੋਈ ਹਾਜ਼ਰ ਨਹੀਂ ਹੋਇਆ। ਸ਼ਿਕਾਇਤਕਰਤਾ ਵਲੋਂ ਆਪਣੇ ਉਕਤ ਪੱਤਰ ਮਿਤੀ 1-2-2020 ਰਾਹੀਂ ਦਸਿਆ ਗਿਆ ਕਿ ਉਸਨੂੰ ਅਜੇ ਤੱਕ ਮੰਗੀ ਗਈ ਸੂਚਨਾ ਮੁਹੱਈਆ ਨਹੀਂ ਕਰਵਾਈ ਗਈ। ਇਸ ਲਈ ਉੱਤਰਦਾਤਾ ਨੂੰ ਹਦਾਇਤ ਕੀਤੀ ਗਈ ਸੀ ਕਿ ਸ਼ਿਕਾਇਤਕਰਤਾ ਨੂੰ ਮੰਗੀ ਗਈ ਸੂਚਨਾ ਮੁਹੱਈਆ ਕਰਵਾਕੇ ਕਮਿਸ਼ਨ ਨੂੰ ਸੂਚਿਤ ਕੀਤਾ ਜਾਵੇ। ਇਸ ਹਦਾਇਤ ਨਾਲ ਇਹ ਕੇਸ ਅਗਲੀ ਸੁਣਵਾਈ ਮਿਤੀ 16-03-2020 ਨੂੰ ਸਵੇਰੇ 11:30 ਵਜੇ ਲਈ ਨਿਸਚਿਤ ਕੀਤਾ ਗਿਆ ਸੀ।

3. ਸ਼ਿਕਾਇਤਰਤਾ ਹਾਜ਼ਰ ਨਹੀਂ ਹੋਇਆ ਪਰ ਉਸ ਵਲੋਂ ਈ.ਮੇਲ ਪੱਤਰ ਮਿਤੀ 15-03-2020 ਪ੍ਰਾਪਤ ਹੋਇਆ ਜਿਸ ਰਾਹੀਂ ਉਸ ਵਲੋਂ ਦਸਿਆ ਗਿਆ ਕਿ ਪੇਸ਼ੀ ਤੇ ਹਾਜ਼ਰ ਨਹੀਂ ਹੋ ਸਕਦਾ ,ਉਸਨੂੰ ਅਜੇ ਤੱਕ ਮੰਗੀ ਗਈ ਸੂਚਨਾ ਪ੍ਰਾਪਤ ਨਹੀਂ ਹੋਈ। ਕੇਸ ਦਾ ਫੈਸਲਾ ਮੈਰਿਟ ਤੇ ਕੀਤਾ ਜਾਵੇ।

4. ਉੱਤਰਦਾਤਾ (ਲੋਕ ਸੂਚਨਾ ਅਫਸਰ) ਵਲੋਂ ਕੋਈ ਹਾਜ਼ਰ ਨਹੀਂ ਹੋਇਆ ਅਤੇ ਨਾ ਹੀ ਉਨ੍ਹਾਂ ਵਲੋਂ ਹਾਜ਼ਰ ਨਾ ਹੋਣ ਬਾਰੇ ਕੋਈ ਸੂਚਨਾ ਪ੍ਰਾਪਤ ਹੋਈ ਹੈ। ਇਸ ਲਈ ਉੱਤਰਦਾਤਾ ਨੂੰ ਹਦਾਇਤ ਕੀਤੀ ਜਾਂਦੀ ਹੈ ਕਿ ਸ਼ਿਕਾਇਤਕਰਤਾ ਨੂੰ ਮੰਗੀ ਗਈ ਸੂਚਨਾ ਮੁਹੱਈਆ ਕਰਵਾਕੇ ਕਮਿਸ਼ਨ ਨੂੰ ਸੂਚਿਤ ਕੀਤਾ ਜਾਵੇ। ਇਸ ਹਦਾਇਤ ਨਾਲ ਇਹ ਕੇ**<u>ਸ ਅਗਲੀ ਸੁਣਵਾਈ ਮਿਤੀ 23-03-2020 ਨੂੰ ਸਵੇਰੇ 11:30 ਵਜੇ ਲਈ ਨਿਸਚਿਤ</u>** ਕੀਤਾ ਜਾਂਦਾ ਹੈ।

**(ਨਿਧੱੜਕ ਸਿੰਘ ਬਰਾੜ)**
**ਮਿਤੀ: ਚੰਡੀਗੜ੍ਹ, 16 ਮਾਰਚ, 2020.** **ਰਾਜ ਸੂਚਨਾ ਕਮਿਸ਼ਨਰ, ਪੰਜਾਬ।**

**ਨੋਟ:** ਉੱਤਰਦਾਤਾ (ਲੋਕ ਸੂਚਨਾ ਅਫਸਰ) ਅਦਾਲਤ ਦੀ ਕਾਰਵਾਈ ਉਪਰੰਤ ਹਾਜ਼ਰ ਹੋਏ ਉਨ੍ਹਾਂ ਅਦਾਲਤ ਦੀ ਕਾਰਵਾਈ ਬਾਰੇ ਸੂਚਿਤ ਕਰ ਦਿੱਤਾ ਗਿਆ।

**PUNJAB STATE INFORMATION COMMISSION**
**Red Cross Building, Near Rose Garden,**
**Sector 16, Chandigarh.**
**Ph: 0172-2864113, Email: - psic23@punjabmail.gov.in**
**Visit us: - www.infocommpunjab.com**

ਸ੍ਰੀ ਸਵਰਨ ਸਿਘ, 8195857107
ਪਿੰਡ ਮਹਿਮੂਦ ਖਾਨੇ ਕੇ, ਡਾਕਖਾਨਾ ਅਮੀਰ ਖਾਸ,
ਤਹਿਸੀਲ ਜਲਾਲਾਬਾਦ(ਵੈਸਟ) ਜ਼ਿਲ੍ਹਾ ਫਾਜਿਲਕਾ। ----ਅਪੀਲਕਰਤਾ

ਬਨਾਮ

ਲੋਕ ਸੂਚਨਾ ਅਧਿਕਾਰੀ,
ਬੀ.ਡੀ.ਪੀ.ਓ. ਗੁਰੂਹਰਸਹਾਇ, ਜ਼ਿਲ੍ਹਾ ਫਾਜਿਲਕਾ।

ਪਹਿਲੀ ਅਪੀਲੀ ਅਥਾਰਟੀ,
ਡੀ.ਡੀ.ਪੀ.ਓ. ਫਿਰੋਜ਼ਪੁਰ। -----ਉੱਤਰਦਾਤਾ

**ਅਪੀਲ ਕੇਸ ਨੰ:2012 ਆਫ 2019**

**ਹਾਜ਼ਰ:**

1. ਅਪੀਲਕਰਤਾ ਸ੍ਰੀ ਸਵਰਨ ਸਿਘ
2. ਉੱਤਰਦਾਤਾ (ਲੋਕ ਸੂਚਨਾ ਅਫਸਰ) ਵਲੋਂ ਸ੍ਰੀ ਸੁਖਵੀਰ ਸਿੰਘ ਸੰਮਤੀ ਪਟਵਾਰੀ (9872700135)

**ਹੁਕੱਮ:**

ਅਪੀਲਕਰਤਾ ਨੇ ਸੂਚਨਾ ਦਾ ਅਧਿਕਾਰ ਐਕਟ, 2005 ਅਧੀਨ ਇਕ ਬਿਨੈ ਪੱਤਰ ਮਿਤੀ 18-02-2019 , ਲੋਕ ਸੂਚਨਾ ਅਧਿਕਾਰੀ ਦਫਤਰ ਬੀ.ਡੀ.ਪੀ.ਓ. ਗੁਰੂਹਰਸਹਾਇ, ਜ਼ਿਲ੍ਹਾ ਫਾਜਿਲਕਾ ਨੂੰ ਪੇਸ਼ ਕੀਤਾ ਗਿਆ ਜਿਸ ਰਾਹੀਂ ਉਸ ਨੇ ਪੰਚਾਇਤ ਚੋਣਾਂ 2018 ਦੌਰਾਨ ਪਿੰਡ ਮਹਿਮੂਦ ਖਾਨੇ ਕੇ ਲਈ ਸੀਮਾ ਰਾਣੀ, ਪ੍ਰਵੀਨ ਰਾਣੀ, ਰਾਣੋ ਬਾਈ ਅਤੇ ਜ਼ਸਪਾਲ ਸਿੰਘ ਵਲੋਂ ਭਰੀਆਂ ਨੋਮੀਨੇਸ਼ਨਜ਼ ਨਾਲ ਸਬੰਧਤ 02 ਨੁਕਤਿਆਂ ਸਬੰਧੀ ਸੂਚਨਾ ਮੰਗੀ ਗਈ ਸੀ। ਲੋਕ ਸੂਚਨਾ ਅਧਿਕਾਰੀ ਵੱਲੋਂ ਮੰਗੀ ਗਈ ਸਹੀ ਸੂਚਨਾ ਨਾ ਦੇਣ ਕਾਰਨ ਉਸ ਨੇ ਮਿਤੀ 15-4-2019 ਨੂੰ ਪਹਿਲੀ ਅਪੀਲੀ ਅਥਾਰਟੀ ਕੋਲ ਅਪੀਲ ਦਾਇਰ ਕੀਤੀ ਸੀ। ਉਸ ਉਪਰੰਤ ਉਸ ਨੇ ਮਿਤੀ 3-6-2019 ਨੂੰ ਕਮਿਸ਼ਨ ਕੋਲ ਦੂਜੀ ਅਪੀਲ ਦਾਇਰ ਕੀਤੀ ਸੀ। ਇਸ ਕੇਸ ਵਿਚ ਪੂਰਵਲੇ ਕਮਿਸ਼ਨ ਸ੍ਰੀ ਯਸ਼ਵੀਰ ਮਹਾਜਨ ਜੀ ਵਲੋਂ ਅਗਲੀ ਮਿਤੀ ਬਾਰੇ ਬਾਅਦ ਵਿਚ ਸੂਚਿਤ ਕਰਨ ਲਈ ਲਿਖਿਆ ਗਿਆ ਸੀ। ਇਹ ਕੇਸ ਇਸ ਕਮਿਸ਼ਨ ਨੂੰ ਅਲਾਟ ਹੋਣ ਉਪਰੰਤ ਇਸ ਕਮਿਸ਼ਨ ਵਲੋਂ ਇਸ ਅਪੀਲ ਕੇਸ ਨੂੰ ਪੜਚੋਲਣ ਉਪਰੰਤ ਮਿਤੀ 20-12-2019 ਨੂੰ ਨੋਟਿਸ ਜਾਰੀ ਕਰਕੇ ਇਹ ਕੇਸ ਪਹਿਲੀ ਸੁਣਵਾਈ ਮਿਤੀ 04-02-2020 ਨੂੰ ਸਵੇਰੇ 11:30 ਵਜੇ ਲਈ ਨਿਸਚਿਤ ਕੀਤਾ ਗਿਆ ਸੀ ।

2. ਪਿਛਲੀ ਮਿਤੀ 04-02-2020 ਨੂੰ ਅਪੀਲਕਰਤਾ ਸ੍ਰੀ ਸਵਰਨ ਸਿੰਘ ਪੇਸ਼ੀ ਤੇ ਹਾਜ਼ਰ ਹੋਇਆ। ਉਸ ਵਲੋਂ ਦਸਿਆ ਗਿਆ ਕਿ ਉਸਨੂੰ ਮੰਗੀ ਗਈ ਸਹੀ ਸੂਚਨਾ ਅਜੇ ਤੱਕ ਨਹੀਂ ਦਿੱਤੀ ਗਈ ।ਉੱਤਰਦਾਤਾ (ਲੋਕ ਸੂਚਨਾ ਅਫਸਰ) ਵਲੋਂ ਕੋਈ ਹਾਜ਼ਰ ਨਹੀਂ ਹੋਇਆ, ਪਰ ਸ੍ਰੀ ਸੁਖਬੀਰ ਸਿੰਘ, ਸਮਤੀ ਪਟਵਾਰੀ, ਦਫਤਰ ਬੀ.ਡੀ.ਪੀ.ਓ. ਗੁਰੂਹਰਸਹਾਏ ਵਲੋਂ ਈ.ਮੇਲ. ਰਾਹੀਂ ਦਸਿਆ ਗਿਆ ਕਿ ਉਸਦੀ ਅਚਾਨਕ ਤਬੀਅਤ ਖਰਾਬ ਹੋ ਗਈ ਹੈ ਇਸ ਲਈ ਉਹ ਹਾਜ਼ਰ ਨਹੀਂ ਹੋ ਸਕਦਾ। ਇਸ ਲਈ ਉਹ ਹਾਜ਼ਰ ਨਹੀਂ ਹੋ ਸਕਦਾ। ਇਸ ਲਈ ਇਹ ਅਪੀਲ ਕੇਸ ਅਗਲੀ ਸੁਣਵਾਈ ਲਈ ਮਿਤੀ 16-03-2020 ਨੂੰ ਸਵੇਰੇ 11.30 ਵਜੇ ਲਈ ਨਿਸਚਿਤ ਕੀਤਾ ਗਿਆ ਸੀ।

3. ਅਪੀਲਕਰਤਾ ਅੱਜ ਪੇਸ਼ੀ ਤੇ ਹਾਜ਼ਰ ਹੋਇਆ, ਉਸ ਵਲੋਂ ਦਸਿਆ ਗਿਆ ਕਿ ਉਸਨੂੰ ਅਜੇ ਤੱਕ ਸਹੀ ਸੂਚਨਾ ਮੁਹੱਈਆ ਨਹੀਂ ਕਰਵਾਈ ਗਈ।

4. ਉੱਤਰਦਾਤਾ (ਲੋਕ ਸੂਚਨਾ ਅਫਸਰ) ਵਲੋਂ ਸੁਖਵੀਰ ਸਿੰਘ ਸੰਮਤੀ ਪਟਵਾਰੀ, ਹਾਜ਼ਰ ਹੋਇਆ, ਉਸ ਵਲੋਂ ਲਿਆਂਦੀ ਗਈ ਸੂਚਨਾ ਪੇਸ਼ੀ ਦੌਰਾਨ ਅਪੀਲਕਰਤਾ ਨੂੰ ਕਮਿਸ਼ਨ ਦੇ ਸਾਹਮਣੇ ਦੇ ਦਿੱਤੀ ਗਈ । ਅਪੀਲਕਰਤਾ ਵਲੋਂ ਦਿੱਤੀ ਜਾ ਰਹੀਂ ਸੂਚਨਾ ਨੂੰ ਤਸਦੀਕ ਕਰਨ ਲਈ ਬੇਨਤੀ ਕੀਤੀ ਗਈ ਹੈ, ਜਿਸ ਦੇ ਕਮਿਸ਼ਨ ਦੇ ਹੁਕੱਮਾਂ ਅਨੁਸਾਰ ਹਾਜ਼ਰ ਨੁਮਾਇੰਦੇ ਵਲੋਂ ਦਿੱਤੀ ਗਈ ਸੂਚਨਾ ਤਸਦੀਕ ਕਰਕੇ ਅਪੀਲਕਰਤਾ ਨੂੰ ਮੁਹੱਈਆ ਕਰਵਾ ਦਿੱਤੀ ਗਈ ਹੈ। ਇਸ ਲਈ ਇਸ ਕੇਸ ਵਿਚ ਹੋਰ ਕਿਸੇ ਕਾਰਵਾਈ ਦੀ ਲੋਡ ਨਹੀਂ। ਇਹ **ਅਪੀਲ ਕੇਸ ਦਾਖਲ ਦਫਤਰ** ਕੀਤਾ ਜਾਂਦਾ ਹੈ।

**(ਨਿਧੱੜਕ ਸਿੰਘ ਬਰਾੜ)**

**ਮਿਤੀ: ਚੰਡੀਗੜ੍ਹ, 16 ਮਾਰਚ, 2020.** **ਰਾਜ ਸੂਚਨਾ ਕਮਿਸ਼ਨਰ, ਪੰਜਾਬ।**

**PUNJAB STATE INFORMATION COMMISSION**
**Red Cross Building, Near Rose Garden,**
**Sector 16, Chandigarh.**
**Ph: 0172-2864113, Email: - psic23@punjabmail.gov.in**
**Visit us: - www.infocommpunjab.com**

ਸ੍ਰੀ ਸਵਰਨ ਸਿਘ, 8195857107
ਪਿੰਡ ਮਹਿਮੂਦ ਖਾਨੇ ਕੇ, ਡਾਕਖਾਨਾ ਅਮੀਰ ਖਾਸ,
ਤਹਿਸੀਲ ਜਲਾਲਾਬਾਦ(ਵੈਸਟ) ਜ਼ਿਲ੍ਹਾ ਫਾਜਿਲਕਾ। ----ਅਪੀਲਕਰਤਾ

ਬਨਾਮ

ਲੋਕ ਸੂਚਨਾ ਅਧਿਕਾਰੀ,
ਬੀ.ਡੀ.ਪੀ.ਓ. ਗੁਰੂਹਰਸਹਾਇ, ਜ਼ਿਲ੍ਹਾ ਫਾਜਿਲਕਾ।

ਪਹਿਲੀ ਅਪੀਲੀ ਅਥਾਰਟੀ,
ਡੀ.ਡੀ.ਪੀ.ਓ. ਫਿਰੋਜ਼ਪੁਰ। -----ਉੱਤਰਦਾਤਾ

**ਅਪੀਲ ਕੇਸ ਨੰ:2013 ਆਫ 2019**

**ਹਾਜ਼ਰ:**

1. ਅਪੀਲਕਰਤਾ ਸ੍ਰੀ ਸਵਰਨ ਸਿਘ
2. ਉੱਤਰਦਾਤਾ (ਲੋਕ ਸੂਚਨਾ ਅਫਸਰ) ਵਲੋਂ ਸ੍ਰੀ ਸੁਖਵੀਰ ਸਿੰਘ ਸੰਮਤੀ ਪਟਵਾਰੀ

**ਹੁਕੱਮ:**

ਅਪੀਲਕਰਤਾ ਨੇ ਸੂਚਨਾ ਦਾ ਅਧਿਕਾਰ ਐਕਟ, 2005 ਅਧੀਨ ਇਕ ਬਿਨੈ ਪੱਤਰ ਮਿਤੀ 20-02-2019 , ਲੋਕ ਸੂਚਨਾ ਅਧਿਕਾਰੀ ਦਫਤਰ ਬੀ.ਡੀ.ਪੀ.ਓ. ਗੁਰੂਹਰਸਹਾਇ, ਜ਼ਿਲ੍ਹਾ ਫਾਜਿਲਕਾ ਨੂੰ ਪੇਸ਼ ਕੀਤਾ ਗਿਆ ਜਿਸ ਰਾਹੀਂ ਉਸ ਨੇ ਸਾਲ 2013 ਤੋਂ ਲੈਕੇ 2018 ਦਰਮਿਆਨ ਗ੍ਰਾਮ ਪੰਚਾਇਤ ਪਿੰਡ ਮਹਿਮੂਦ ਖਾਨੇ ਕੇ ਨੂੰ ਗਰੀਬ ਲੋਕਾਂ ਲਈ ਸਰਕਾਰ ਵਲੋਂ ਪੱਕੇ ਘਰ ਬਣਾਉਣ ਅਤੇ ਚੁੱਲ੍ਹਾ ਟੈਕਸ ਮੁਆਫ ਕਰਨ ਨਾਲ ਸਬੰਧਤ 04 ਨੁਕਤਿਆਂ ਸਬੰਧੀ ਸੂਚਨਾ ਮੰਗੀ ਗਈ ਸੀ। ਲੋਕ ਸੂਚਨਾ ਅਧਿਕਾਰੀ ਵੱਲੋਂ ਮੰਗੀ ਗਈ ਸਹੀ ਸੂਚਨਾ ਨਾ ਦੇਣ ਕਾਰਨ ਉਸ ਨੇ ਮਿਤੀ 15-4-2019 ਨੂੰ ਪਹਿਲੀ ਅਪੀਲੀ ਅਥਾਰਟੀ ਕੋਲ ਅਪੀਲ ਦਾਇਰ ਕੀਤੀ ਸੀ। ਉਸ ਉਪਰੰਤ ਉਸ ਨੇ ਮਿਤੀ 3-6-2019 ਨੂੰ ਕਮਿਸ਼ਨ ਕੋਲ ਦੂਜੀ ਅਪੀਲ ਦਾਇਰ ਕੀਤੀ ਸੀ। ਇਸ ਕੇਸ ਵਿਚ ਪੁਰਵਲੇ ਕਮਿਸ਼ਨ ਸ੍ਰੀ ਯਸ਼ਵੀਰ ਮਹਾਜਨ ਜੀ ਵਲੋਂ ਅਗਲੀ ਮਿਤੀ ਬਾਰੇ ਬਾਅਦ ਵਿਚ ਸੂਚਿਤ ਕਰਨ ਲਈ ਲਿਖਿਆ ਗਿਆ ਸੀ। ਇਹ ਕੇਸ ਇਸ ਕਮਿਸ਼ਨ ਨੂੰ ਅਲਾਟ ਹੋਣ ਉਪਰੰਤ ਇਸ ਕਮਿਸ਼ਨ ਵਲੋਂ ਇਸ ਅਪੀਲ ਕੇਸ ਨੂੰ ਪੜਚੋਲਣ ਉਪਰੰਤ ਮਿਤੀ 20-12-2019 ਨੂੰ ਨੋਟਿਸ ਜਾਰੀ ਕਰਕੇ ਇਹ ਕੇਸ ਪਹਿਲੀ ਸੁਣਵਾਈ ਮਿਤੀ 04-02-2020 ਨੂੰ ਸਵੇਰੇ 11:30 ਵਜੇ ਲਈ ਨਿਸਚਿਤ ਕੀਤਾ ਗਿਆ ਸੀ ।

2. ਪਿਛਲੀ ਮਿਤੀ ਮਿਤੀ 04-02-2020 ਨੂੰ ਅਪੀਲਕਰਤਾ ਸ੍ਰੀ ਸਵਰਨ ਸਿੰਘ ਪੇਸ਼ੀ ਤੇ ਹਾਜ਼ਰ ਹੋਇਆ। ਉਸ ਵਲੋਂ ਦਸਿਆ ਗਿਆ ਕਿ ਉਸਨੂੰ ਮੰਗੀ ਗਈ ਸਹੀ ਸੂਚਨਾ ਅਜੇ ਤੱਕ ਨਹੀਂ ਦਿੱਤੀ ਗਈ । ਉੱਤਰਦਾਤਾ (ਲੋਕ ਸੂਚਨਾ ਅਫਸਰ) ਵਲੋਂ ਕੋਈ ਹਾਜ਼ਰ ਨਹੀਂ ਹੋਇਆ, ਪਰ ਸ੍ਰੀ ਸੁਖਬੀਰ ਸਿੰਘ, ਸੰਮਤੀ ਪਟਵਾਰੀ, ਦਫਤਰ ਬੀ.ਡੀ.ਪੀ.ਓ. ਗੁਰੂਹਰਸਹਾਏ ਵਲੋਂ ਈ.ਮੇਲ. ਰਾਹੀਂ ਦਸਿਆ ਗਿਆ ਕਿ ਉਸਦੀ ਅਚਾਨਕ ਤਬੀਅਤ ਖਰਾਬ ਹੋ ਗਈ ਹੈ ਇਸ ਲਈ ਉਹ ਹਾਜ਼ਰ ਨਹੀਂ ਹੋ ਸਕਦਾ। ਇਸ ਲਈ ਇਹ ਅਪੀਲ ਕੇਸ ਅਗਲੀ ਸੁਣਵਾਈ ਲਈ ਮਿਤੀ 16-03-2020 ਨੂੰ ਸਵੇਰੇ 11.30 ਵਜੇ ਲਈ ਨਿਸਚਿਤ ਕੀਤਾ ਗਿਆ ਸੀ।

3. ਅਪੀਲਕਰਤਾ ਅੱਜ ਪੇਸ਼ੀ ਤੇ ਹਾਜ਼ਰ ਹੋਇਆ, ਉਸ ਵਲੋਂ ਦਸਿਆ ਗਿਆ ਕਿ ਉਸਨੂੰ ਅਜੇ ਤੱਕ ਸਹੀ ਸੂਚਨਾ ਮੁਹੱਈਆ ਨਹੀਂ ਕਰਵਾਈ ਗਈ।

4. ਉੱਤਰਦਾਤਾ (ਲੋਕ ਸੂਚਨਾ ਅਫਸਰ) ਵਲੋਂ ਸ੍ਰੀ ਸੁਖਵੀਰ ਸਿੰਘ ਸੰਮਤੀ ਪਟਵਾਰੀ, ਹਾਜ਼ਰ ਹੋਇਆ, ਉਸ ਵਲੋਂ ਲਿਆਂਦੀ ਗਈ ਸੂਚਨਾ ਪੇਸ਼ ਕੀਤੀ ਗਈ। ਜਿਸ ਅਨੁਸਾਰ ਸ੍ਰੀ ਗੁਰਮੀਤ ਸਿੰਘ, ਪੰਚਾਇਤ ਸਕੱਤਰ ਨੂੰ ਲਿਖਿਆ ਗਿਆ ਹੈ। ਇਹ ਸੂਚਨਾ ਪਹਿਲਾਂ ਵੀ ਦਿੱਤੀ ਗਈ ਸੀ ਜਿਸ ਅਨੁਸਾਰ ਉਸਨੂੰ ਪੱਤਰ ਲਿਖਿਆ ਗਿਆ ਸੀ ਅਤੇ ਹੁਣ ਵੀ ਉਹ ਹੀ ਸੂਚਨਾ ਲਿਆਂਦੀ ਗਈ ਹੈ। ਇਸ ਤਰ੍ਹਾਂ ਲੋਕ ਸੂਚਨਾ ਅਧਿਕਾਰੀ ਵਲੋਂ ਕਮਿਸ਼ਨ ਦੇ ਹੁਕੱਮਾਂ ਦੀ ਪਾਲਣਾ ਨਹੀਂ ਕੀਤੀ ਜਾ ਰਹੀ। ਅਪੀਲਕਰਤਾ ਵਲੋਂ ਆਰ.ਟੀ.ਆਈ.ਅਰਜੀ ਰਾਹੀਂ ਜਿਹੜੇ ਵਿਅਕਤੀਆਂ ਦੇ ਘਰ ਪੱਕੇ ਬਣਾਉਣ ਲਈ ਪੈਸੇ ਦਿਤੇ ਗਏ ਜਾਂ ਪੱਕੇ ਮਕਾਨ ਬਣਾਏ ਗਏ ਉਨ੍ਹਾਂ ਦੇ ਨਾਮਾਂ ਦੀ ਸੂਚੀ ਪੰਚਾਇਤ ਰਿਕਾਰਡ ਮੁਤਾਬਿਕ ਮੰਗੀ ਗਈ ਹੈ। ਇਸ ਲਈ ਨਾਮਾਂ ਦੀ ਲਿਸਟ ਦੇਣੀ ਬਣਦੀ ਹੈ । ਇਸ ਲਈ ਉੱਤਰਦਾਤਾ ਨੂੰ ਹਦਾਇਤ ਕੀਤੀ ਜਾਂਦੀ ਹੈ ਕਿ ਅਗਲੀ ਮਿਤੀ ਤੋਂ ਪਹਿਲਾਂ ਪਹਿਲਾਂ ਅਪੀਲਕਰਤਾ ਨੂੰ ਮੰਗੀ ਗਈ ਸੂਚਨਾ/ਨਾਮਾਂ ਦੀ ਲਿਸਟ ਦਿੱਤੀ ਜਾਵੇ। ਇਸ ਹਦਾਇਤ ਨਾਲ ਇਹ ਕੇ**ਸ ਅਗਲੀ ਸੁਣਵਾਈ ਮਿਤੀ 01-04-2020 ਨੂੰ ਸਵੇਰੇ 11:30 ਵਜੇ ਲਈ ਨਿਸਚਿਤ** ਕੀਤਾ ਜਾਂਦਾ ਹੈ।

(ਨਿਧੱੜਕ ਸਿੰਘ ਬਰਾੜ)
ਰਾਜ ਸੂਚਨਾ ਕਮਿਸ਼ਨਰ, ਪੰਜਾਬ।

ਮਿਤੀ: ਚੰਡੀਗੜ੍ਹ, 16 ਮਾਰਚ, 2020.

**PUNJAB STATE INFORMATION COMMISSION**
**Red Cross Building, Near Rose Garden,**
**Sector 16, Chandigarh.**
**Ph: 0172-2864113, Email: - psic23@punjabmail.gov.in**
**Visit us: - www.infocommpunjab.com**

ਸ੍ਰੀ ਰਾਕੇਸ਼ ਕੁਮਾਰ ਗੁਪਤਾ 9814924851
8/237 ਜਗਰਾਓ ਰੋਡ ਮੁਲਾਂਪੁਰ ਮੰਡੀ, ਜ਼ਿਲ੍ਹਾ ਲੁਧਿਆਣਾ। ------ਅਪੀਲਕਰਤਾ

ਬਨਾਮ

ਲੋਕ ਸੂਚਨਾ ਅਫਸਰ ਕਮ ਏ.ਡੀ.ਸੀ.(ਡੀ)
ਮਿਨੀ ਸਕੱਤਰੇਤ, ਲੁਧਿਆਣਾ।

ਪਹਿਲੀ ਅਪੀਲੀ ਅਥਾਰਟੀ,
ਡਿਪਟੀ ਕਮਿਸ਼ਨਰ, ਲੁਧਿਆਣਾ। -----ਉੱਤਰਦਾਤਾ

**ਅਪੀਲ ਕੇਸ ਨੰ:3220 ਆਫ 2019**

**ਹਾਜ਼ਰ:**

1. ਅਪੀਲਕਰਤਾ ਸ੍ਰੀ ਰਾਕੇਸ਼ ਕੁਮਾਰ ਗੁਪਤਾ ।
2. ਉੱਤਰਦਾਤਾ (ਲੋਕ ਸੂਚਨਾ ਅਫਸਰ) ਵਲੋਂ ਸ੍ਰੀ ਜ਼ਸਵਿੰਦਰ ਸਿੰਘ ਏ.ਐਸ.ਆਈ.(9980001953)

**ਹੁਕੱਮ:**

ਅਪੀਲਕਰਤਾ ਨੇ ਸੂਚਨਾ ਦਾ ਅਧਿਕਾਰ ਐਕਟ, 2005 ਅਧੀਨ ਇਕ ਬਿਨੈ ਪੱਤਰ ਮਿਤੀ 17-8-2019, ਲੋਕ ਸੂਚਨਾ ਅਧਿਕਾਰੀ ਕਮ ਏ.ਡੀ.ਸੀ.(ਡੀ) ਲੁਧਿਆਣਾ ਨੂੰ ਪੇਸ਼ ਕੀਤਾ ਸੀ ਜਿਸ ਰਾਹੀਂ ਉਸ ਨੇ ਆਪਣੀ ਅਤੇ ਆਪਣੇ ਪਰਿਵਾਰ ਦੀ ਸਿਕਿਓਰਟੀ ਸਬੰਧੀ ਵੱਖ ਵੱਖ ਮਿਤੀਆਂ ਤੇ ਈ.ਮੇਲਾਂ ਰਾਹੀਂ ਭੇਜੀਆਂ ਕੰਪਲੇਟਾਂ, ਪ੍ਰਤੀ ਬੇਨਤੀਆਂ ਲੀਗਲ ਨੋਟਿਸ ਡਾਕ ਆਦਿ ਨਾਲ ਸੰਬਧਤ 15 ਨੁਕਤਿਆਂ ਸਬੰਧੀ ਸੂਚਨਾ ਦੀ ਮੰਗ ਕੀਤੀ ਗਈ ਸੀ ਕਿਉਂਜੋ ਉਸਤੇ ਜਾਨਲੇਵਾ ਹਮਲੇ ਕਾਰਨ ਸਿਕਿਓਰਟੀ ਦੇਣ ਸਬੰਧੀ ਕੀਤੀ ਗਈ ਕਾਰਵਾਈ ਬਾਰੇ ਪੁਛਿਆ ਗਿਆ ਸੀ। ਲੋਕ ਸੂਚਨਾ ਅਧਿਕਾਰੀ ਵੱਲੋਂ ਮੰਗੀ ਗਈ ਸੂਚਨਾ ਨਾ ਦੇਣ ਕਾਰਨ ਉਸ ਨੇ ਮਿਤੀ 28-8-2019 ਨੂੰ ਪਹਿਲੀ ਅਪੀਲੀ ਅਥਾਰਟੀ ਕੋਲ ਅਪੀਲ ਦਾਇਰ ਕੀਤੀ ਸੀ। ਉਸ ਉਪਰੰਤ ਉਸ ਨੇ ਮਿਤੀ 6-9-2019 ਨੂੰ ਕਮਿਸ਼ਨ ਕੋਲ ਦੂਜੀ ਅਪੀਲ ਦਾਇਰ ਕੀਤੀ ਸੀ ਜਿਸ ਨੂੰ ਪੜਚੋਲਣ ਉਪਰੰਤ ਇਸ ਕੇਸ ਵਿਚ ਪੁਰਵਲੇ ਕਮਿਸ਼ਨ ਸ੍ਰੀ ਯਸ਼ਵੀਰ ਮਹਾਜਨ ਜੀ ਵਲੋਂ ਅਪੀਲਕਰਤਾ ਦੀ ਇਕ ਹੋਰ ਅਪੀਲ ਕੇਸ ਨੰ: 3221 ਆਫ 2019 ਨਾਲ ਕਲੱਬ ਕਰ ਦਿੱਤਾ ਗਿਆ ਸੀ ਅਤੇ ਅਗਲੀ ਮਿਤੀ ਬਾਰੇ ਬਾਅਦ ਵਿਚ ਸੂਚਿਤ ਕਰਨ ਲਈ ਲਿਖਿਆ ਗਿਆ ਸੀ। ਇਹ ਕੇਸ ਇਸ ਕਮਿਸ਼ਨ ਨੂੰ ਅਲਾਟ ਹੋਣ ਉਪਰੰਤ ਇਸ ਕਮਿਸ਼ਨ ਵਲੋਂ ਜਿਸ ਨੂੰ ਪੜਚੋਲਣ ਉਪਰੰਤ ਮਿਤੀ 08-01-2020 ਨੂੰ ਨੋਟਿਸ ਜਾਰੀ ਕਰਕੇ ਇਹ ਕੇਸ ਪਹਿਲੀ ਸੁਣਵਾਈ ਮਿਤੀ 24-02-2020 ਨੂੰ ਸਵੇਰੇ 11:30 ਵਜੇ ਲਈ ਨਿਸ਼ਚਿਤ ਕੀਤਾ ਗਿਆ ਸੀ।

2. ਪਿਛਲੀ ਮਿਤੀ 24-02-2020 ਨੂੰ ਅਪੀਲਕਰਤਾ ਵਲੋਂ ਕੋਈ ਹਾਜਰ ਨਹੀਂ ਹੋਇਆ, ਪਰ ਉਸ ਵਲੋਂ ਈ.ਮੇਲ. ਮਿਤੀ 23-2-2020 ਰਾਹੀਂ ਬੇਨਤੀ ਕੀਤੀ ਗਈ ਕਿ ਇਸ ਕੇਸ ਵਿਚ ਨਿਸਚਿਤ ਮਿਤੀ ਨੂੰ ਹਾਜ਼ਰ ਨਹੀਂ ਹੋ ਸਕਦਾ ਇਸ ਲਈ ਅਗਲੀ ਤਾਰੀਖ ਦਿੱਤੀ ਜਾਵੇ।ਇਸ ਦੇ ਨਾਲ ਹੀ ਉਸ ਵਲੋਂ ਹੁਣ ਤੱਕ ਪ੍ਰਾਪਤ ਸੂਚਨਾ ਵਿਚ ਪਾਈਆਂ ਤਰੁੱਟੀਆਂ ਸਬੰਧੀ 20 ਨੁਕਤੇ ਦਸੇ ਗਏ ਸਨ। ਉੱਤਰਦਾਤਾ (ਲੋਕ ਸੂਚਨਾ ਅਫਸਰ) ਵਲੋਂ ਸ੍ਰੀ ਹਰਦੀਪ ਸਿੰਘ, ਏ.ਐਸ.ਆਈ. ਹਾਜ਼ਰ ਹੋਇਆ, ਉਸ ਵਲੋਂ ਪੱਤਰ ਨੰ: 155/5ਏ ਥਾਣਾ ਦਾਖਾ ਮਿਤੀ 24-2-2020 ਪੇਸ਼ ਕੀਤਾ ਗਿਆ ਜੋ ਕਮਿਸ਼ਨ ਨੂੰ ਸੰਬੋਧਤ ਸੀ, ਜੋ ਮੁੱਖ ਅਫਸਰ, ਥਾਣਾ ਦਾਖਾ ਵਲੋਂ ਲਿਖਿਆ ਗਿਆ ਹੈ ਜਿਸ ਅਨੁਸਾਰ ਦਸਿਆ ਗਿਆ ਹੈ ਕਿ ਮੰਗੀ ਗਈ ਸੂਚਨਾ (ਪਹਿਲਾਂ ਹੀ ਇੰਨਕੁਆਰੀ ਦੀ ਰਿਪੋਰਟ ਅਤੇ ਬਿਆਨ ਭੇਜੀ ਜਾ ਚੁੱਕੀ ਹੈ) ਮਿਤੀ 2-1-2020 ਅਤੇ 3.2.2020 ਨੂੰ ਮੁਹੱਈਆ ਕਰਵਾਈ ਜਾ ਚੁੱਕੀ ਹੈ। ਪ੍ਰਾਪਤ ਹੋਈ ਈ.ਮੇਲ. ਰਾਹੀਂ ਤਰੁੱਟੀਆਂ ਸਬੰਧੀ ਪੱਤਰ ਹਾਜ਼ਰ ਉੱਤਰਦਾਤਾ ਦੇ ਨੁਮਾਇੰਦੇ ਨੂੰ ਪੇਸ਼ੀ ਦੋਰਾਨ ਦੇ ਦਿੱਤਾ ਗਿਆ। ਅਪੀਲਕਰਤਾ ਵਲੋਂ ਈ.ਮੇਲ ਰਾਹੀਂ ਅਤੇ ਹਾਜ਼ਰ ਨੁਮਾਇੰਦੇ ਵਲੋਂ ਵੀ ਇਸ ਕੇਸ ਵਿਚ ਸਮੇਂ ਦੀ ਮੰਗ ਕੀਤੀ ਗਈ ਹੈ। ਇਸ ਲਈ ਇਹ ਕੇਸ ਅਗਲੀ ਸੁਣਵਾਈ ਮਿਤੀ 16-03-2020 ਨੂੰ ਸਵੇਰੇ 11:30 ਵਜੇ ਲਈ ਨਿਸ਼ਚਿਤ ਕੀਤਾ ਗਿਆ ਸੀ।

3. ਅਪੀਲਕਰਤਾ ਅੱਜ ਪੇਸ਼ੀ ਤੇ ਹਾਜ਼ਰ ਹੋਇਆ ਉਸ ਵਲੋਂ ਦਸਿਆ ਗਿਆ ਕਿ ਅਜੇ ਤੱਕ ਸੂਚਨਾ ਮੁਹੱਈਆ ਨਹੀਂ ਕਰਵਾਈ ਗਈ ।

4. ਉੱਤਰਦਾਤਾ (ਲੋਕ ਸੂਚਨਾ ਅਫਸਰ) ਵਲੋਂ ਸ੍ਰੀ ਜ਼ਸਵਿੰਦਰ ਸਿੰਘ ਏ.ਐਸ.ਆਈ ਹਾਜ਼ਰ ਹੋਇਆ, ਉਸ ਵਲੋਂ ਪੱਤਰ ਨ: 190/5ਏ ਥਾਣਾ ਦਾਖਾ ਮਿਤੀ 15-3-2020 ਪੇਸ਼ ਕੀਤਾ ਗਿਆ ਜੋ ਅਪੀਲਕਰਤਾ ਨੂੰ ਸੰਬੋਧਤ ਹੈ ਅਤੇ ਉਤਾਰਾ ਕਮਿਸ਼ਨ ਨੂੰ ਕੀਤਾ ਗਿਆ ਹੈ। ਪੱਤਰ ਮਿਸਲ ਤੇ ਰੱਖ ਲਿਆ ਗਿਆ ਹੈ। ਪਰ ਉੱਤਰਦਾਤਾ ਏ.ਡੀ.ਸੀ. ਲੁਧਿਆਣਾ ਆਫਿਸ ਤੋਂ ਕੋਈ ਹਾਜ਼ਰ ਨਹੀ ਹੋਇਆ।

5. ਅਪੀਲ ਕੇਸ ਨ: 3220 ਅਤੇ 3221 ਆਫ 2019 ਪੂਰਵਲੇ ਕਮਿਸ਼ਨ ਵਲੋਂ ਇਕੋ ਵਿਸ਼ਾ ਹੋਣ ਕਾਰਨ ਕਲੱਬ ਕੀਤੇ ਗਏ ਸਨ ਪਰ ਕੇਸ ਨੂੰ ਘੋਖਣ ਤੇ ਪਾਇਆ ਗਿਆ ਹੈ ਕਿ ਦੋਵੇਂ ਕੇਸਾਂ ਵਿਚ ਪੀ.ਆਈ.ਓ. ਵੱਖ ਵੱਖ ਹਨ। ਇਸ ਲਈ ਦੋਨਾਂ ਕੇਸਾਂ ਵਿਚ ਵੱਖ ਵੱਖ ਪੀ.ਆਈ.ਓ. ਵਲੋਂ ਸੂਚਨਾ ਮਹੁੱਈਆ ਕਰਵਾਈ ਜਾਣੀ ਬਣਦੀ ਹੈ। ਇਸ ਲਈ ਇਹ ਦੋਵੇ ਕੇਸ ਕਲੱਬ ਨਹੀਂ ਕੀਤੇ ਜਾ ਸਕਦੇ। ਉਕਤ ਪੱਤਰ ਮਿਤੀ 15-3-2020 ਰਾਹੀਂ ਲੋਕ ਸੂਚਨਾ ਅਫਸਰ ਕਮ ਮੁੱਖ ਅਫਸਰ ਥਾਣਾ ਦਾਖਾ ਵਲੋਂ 20 ਨੁਕਤਿਆਂ ਸਬੰਧੀ ਜਾਣਕਾਰੀ ਦਿੱਤੀ ਜਾ ਰਹੀ ਹੈ ਜੋ ਅਪੀਲ ਕੇਸ ਨੰ: 3221 ਦੇ ਸਬੰਧ ਵਿਚ ਹੈ। ਇਸ ਕੇਸ ਅਪੀਲ ਕੇਸ ਨੰ: 3220 ਵਿਚ ਅਪੀਲਕਰਤਾ ਵਲੋਂ ਮਿਤੀ 17-8-2019 ਨੂੰ ਆਰ.ਟੀ.ਆਈ. ਦੀ ਅਰਜੀ ਪਾਈ ਗਈ ਸੀ, ਉਸ ਵਿਚ ਉਸਨੇ 15 ਨੁਕਤਿਆਂ ਸਬੰਧੀ ਜਾਣਕਾਰੀ ਮੰਗੀ ਗਈ ਸੀ ਕਿ ਉਸਦੇ ਪੱਤਰ ਦਾ ਕੀ ਬਣਿਆ, ਜਿਹੜਾ ਉੱਤਰ ਏ.ਡੀ.ਸੀ. ਦਫਤਰ ਵਲੋਂ ਮਿਤੀ 13-09-2019 ਦੇ ਸਬੰਧ ਵਿਚ ਕਮਿਸ਼ਨ ਨੂੰ ਪੱਤਰ ਨੰ: ਆਰ.ਟੀ.ਆਈ./6998 ਮਿਤੀ 7-10-2019 ਰਾਹੀਂ ਲਿਖਿਆ ਹੋਇਆ ਹੈ ਇਸ ਦੇ ਸਬੰਧ ਉਨ੍ਹਾਂ ਦੇ ਦਫਤਰ ਨਾਲ ਨਹੀਂ ਹੈ। ਜਦੋਂ ਕਿ ਐਫ.ਆਈ.ਆਰ. ਦਾ ਕੇਵਲ

ਪਰਤੋ ਜੀ -----ਚਲਦਾ ਪੰਨਾ/2

**PUNJAB STATE INFORMATION COMMISSION**
**Red Cross Building, Near Rose Garden,**
**Sector 16, Chandigarh.**
**Ph: 0172-2864113, Email: - psic23@punjabmail.gov.in**
**Visit us: - www.infocommpunjab.com**



**ਅਪੀਲ ਕੇਸ ਨੰ:**3220 **ਆਫ** 2019

ਰੈਫਰੰਸ ਦਿੱਤਾ ਗਿਆ ਸੀ ਅਤੇ ਕੁਝ ਪੱਤਰ ਸਿਕਿਉਰਟੀ ਦੇ ਲਿਹਾਜ ਨਾਲ ਡਿਪਟੀ ਕਮਿਸ਼ਨਰ ਨੂੰ ਲਿਖੇ ਗਏ ਸਨ, ਜਿਨ੍ਹਾਂ ਦਾ ਵੇਰਵਾ ਦਿੱਤਾ ਗਿਆ ਹੈ। ਇਸ ਦਾ ਵਿਸਥਾਰਪੂਰਵਕ ਉੱਤਰ ਦੇਣਾ ਬਣਦਾ ਸੀ। ਇਸ ਲਈ ਪੀ.ਆਈ.ਓ ਕਮ ਏ.ਡੀ.ਸੀ. ਅਤੇ ਪਹਿਲੀ ਅਪੀਲੀ ਅਥਾਰਟੀ, ਡਿਪਟੀ ਕਮਿਸ਼ਨਰ, ਲੁਧਿਆਣਾ ਦੇ ਦਫਤਰ ਨੂੰ ਹਦਾਇਤ ਕੀਤੀ ਜਾਂਦੀ ਹੈ ਕਿ ਅਗਲੀ ਮਿਤੀ ਤੋਂ ਪਹਿਲਾਂ ਪਹਿਲਾਂ ਅਪੀਲਕਰਤਾ ਦੀ ਇਸ ਅਰਜੀ ਦਾ ਡਿਟੇਲ ਵਿਚ ਉੱਤਰ ਦਿੱਤਾ ਜਾਵੇ ਅਤੇ ਅਗਲੀ ਮਿਤੀ ਤੇ ਹਾਜ਼ਰੀ ਯਕੀਨੀ ਬਣਾਈ ਜਾਵੇ। ਇਸ ਹਦਾਇਤ ਨਾਲ ਇਹ ਕੇ**ਸ ਅਗਲੀ ਸੁਣਵਾਈ ਮਿਤੀ** 01-04-2020 **ਨੂੰ ਸਵੇਰੇ** 11:30 **ਵਜੇ ਲਈ ਨਿਸਚਿਤ** ਕੀਤਾ ਜਾਂਦਾ ਹੈ।

(ਨਿਧੱੜਕ ਸਿੰਘ ਬਰਾੜ)

**ਮਿਤੀ: ਚੰਡੀਗੜ੍ਹ,** 16 **ਮਾਰਚ,** 2020. **ਰਾਜ ਸੂਚਨਾ ਕਮਿਸ਼ਨਰ, ਪੰਜਾਬ।**

**PUNJAB STATE INFORMATION COMMISSION**
**Red Cross Building, Near Rose Garden,**
**Sector 16, Chandigarh.**
**Ph: 0172-2864113, Email: - psic23@punjabmail.gov.in**
**Visit us: - www.infocommpunjab.com**

ਸ੍ਰੀ ਰਾਕੇਸ਼ ਕੁਮਾਰ ਗੁਪਤਾ 9814924851
8/237 ਜਗਰਾਓ ਰੋਡ ਮੁਲਾਂਪੁਰ ਮੰਡੀ, ਜ਼ਿਲ੍ਹਾ ਲੁਧਿਆਣਾ। ------ਅਪੀਲਕਰਤਾ

ਬਨਾਮ

ਲੋਕ ਸੂਚਨਾ ਅਫਸਰ,
ਐਸ.ਐਸ.ਪੀ.ਰੂਰਲ ਜਗਰਾਉ, ਜ਼ਿਲ੍ਹਾ ਲੁਧਿਆਣਾ।

ਪਹਿਲੀ ਅਪੀਲੀ ਅਥਾਰਟੀ,
ਡਿਪਟੀ ਇੰਨਸਪੈਕਟਰ ਜਨਰਲ ਆਫ ਪੁਲਿਸ ਲੁਧਿਆਣਾ ਰੇਂਜ,ਲੁਧਿਆਣਾ। -----ਉੱਤਰਦਾਤਾ

**ਅਪੀਲ ਕੇਸ ਨੰ:3221 ਆਫ 2019**

**ਹਾਜ਼ਰ:**

1. ਅਪੀਲਕਰਤਾ ਵਲੋਂ ਕੋਈ ਨਹੀਂ।
2. ਉੱਤਰਦਾਤਾ (ਲੋਕ ਸੂਚਨਾ ਅਫਸਰ) ਵਲੋਂ ਸ੍ਰੀ ਜ਼ਸਵਿੰਦਰ ਸਿੰਘ ਏ.ਐਸ.ਆਈ. (9980001953)

**ਹੁਕੱਮ:**

ਅਪੀਲਕਰਤਾ ਨੇ ਸੂਚਨਾ ਦਾ ਅਧਿਕਾਰ ਐਕਟ, 2005 ਅਧੀਨ ਇਕ ਬਿਨੈ ਪੱਤਰ ਮਿਤੀ 17-8-2019, ਲੋਕ ਸੂਚਨਾ ਅਧਿਕਾਰੀ ਐਸ.ਐਸ.ਪੀ.ਰੂਰਲ ਜਗਰਾਉ, ਜ਼ਿਲ੍ਹਾ ਲੁਧਿਆਣਾ ਨੂੰ ਪੇਸ਼ ਕੀਤਾ ਸੀ ਜਿਸ ਰਾਹੀਂ ਉਸ ਨੇ ਏ.ਡੀ.ਸੀ.(ਡੀ) ਲੁਧਿਆਣਾ ਤੋਂ ਉਸ ਤੇ ਹੋਏ ਮਿਤੀ 1-6-2019 ਨੂੰ ਜਾਨਲੇਵਾ ਹਮਲੇ ਦੇ ਸਬੰਧ ਵਿਚ ਵੱਖ ਵੱਖ ਮਿਤੀਆਂ ਤੇ ਈ.ਮੇਲਾਂ ਰਾਹੀਂ ਭੇਜੀਆਂ ਕੰਪਲੇਟਾਂ, ਪ੍ਰਤੀ ਬੇਨਤੀਆਂ ਲੀਗਲ ਨੋਟਿਸ ਡਾਕ ਆਦਿ ਨਾਲ ਸੰਬਧਤ 12 ਨੁਕਤਿਆਂ ਸਬੰਧੀ ਸੂਚਨਾ ਦੀ ਮੰਗ ਕੀਤੀ ਗਈ ਸੀ। ਲੋਕ ਸੂਚਨਾ ਅਧਿਕਾਰੀ ਵੱਲੋਂ ਮੰਗੀ ਗਈ ਸੂਚਨਾ ਨਾ ਦੇਣ ਕਾਰਨ ਉਸ ਨੇ ਮਿਤੀ 28-8-2019 ਨੂੰ ਪਹਿਲੀ ਅਪੀਲੀ ਅਥਾਰਟੀ ਕੋਲ ਅਪੀਲ ਦਾਇਰ ਕੀਤੀ ਸੀ। ਉਸ ਉਪਰੰਤ ਉਸ ਨੇ ਮਿਤੀ 6-9-2019 ਨੂੰ ਕਮਿਸ਼ਨ ਕੋਲ ਦੂਜੀ ਅਪੀਲ ਦਾਇਰ ਕੀਤੀ ਸੀ ਜਿਸ ਨੂੰ ਪੜਚੋਲਣ ਉਪਰੰਤ ਇਸ ਕੇਸ ਵਿਚ ਪੂਰਵਲੇ ਕਮਿਸ਼ਨ ਸ੍ਰੀ ਯਸ਼ਵੀਰ ਮਹਾਜਨ ਜੀ ਵਲੋਂ ਅਪੀਲਕਰਤਾ ਦੀ ਇਕ ਹੋਰ ਅਪੀਲ ਕੇਸ ਨੰ: 3220 ਆਫ 2019 ਨਾਲ ਕਲੱਬ ਕਰ ਦਿੱਤਾ ਗਿਆ ਸੀ ਅਤੇ ਅਗਲੀ ਮਿਤੀ ਬਾਰੇ ਬਾਅਦ ਵਿਚ ਸੂਚਿਤ ਕਰਨ ਲਈ ਲਿਖਿਆ ਗਿਆ ਸੀ। ਇਹ ਕੇਸ ਇਸ ਕਮਿਸ਼ਨ ਨੂੰ ਅਲਾਟ ਹੋਣ ਉਪਰੰਤ ਇਸ ਕਮਿਸ਼ਨ ਵਲੋਂ ਜਿਸ ਨੂੰ ਪੜਚੋਲਣ ਉਪਰੰਤ ਮਿਤੀ 08-01-2020 ਨੂੰ ਨੋਟਿਸ ਜਾਰੀ ਕਰਕੇ ਇਹ ਕੇਸ ਪਹਿਲੀ ਸੁਣਵਾਈ ਮਿਤੀ 24-02-2020 ਨੂੰ ਸਵੇਰੇ 11:30 ਵਜੇ ਲਈ ਨਿਸਚਿਤ ਕੀਤਾ ਗਿਆ ਸੀ।

2. ਪਿਛਲੀ ਮਿਤੀ 24-02-2020 ਨੂੰ ਅਪੀਲਕਰਤਾ ਵਲੋਂ ਕੋਈ ਹਾਜਰ ਨਹੀਂ ਹੋਇਆ, ਪਰ ਉਸ ਵਲੋਂ ਈ.ਮੇਲ. ਮਿਤੀ 23-2-2020 ਰਾਹੀਂ ਬੇਨਤੀ ਕੀਤੀ ਗਈ ਕਿ ਇਸ ਕੇਸ ਵਿਚ ਨਿਸਚਿਤ ਮਿਤੀ ਨੂੰ ਹਾਜ਼ਰ ਨਹੀਂ ਹੋ ਸਕਦਾ ਇਸ ਲਈ ਅਗਲੀ ਤਾਰੀਖ ਦਿੱਤੀ ਜਾਵੇ।ਇਸ ਦੇ ਨਾਲ ਹੀ ਉਸ ਵਲੋਂ ਦਸਿਆ ਗਿਆ ਕਿ ਹੁਣ ਤੱਕ ਕੋਈ ਸੂਚਨਾ ਪ੍ਰਾਪਤ ਨਹੀ਼ ਹੋਈ। ਉੱਤਰਦਾਤਾ (ਲੋਕ ਸੂਚਨਾ ਅਫਸਰ) ਵਲੋਂ ਸ੍ਰੀ ਹਰਦੀਪ ਸਿੰਘ, ਏ.ਐਸ.ਆਈ. ਹਾਜ਼ਰ ਹੋਇਆ, ਉਸ ਵਲੋਂ ਪੱਤਰ ਨੰ: 154/5ਏ ਥਾਣਾ ਦਾਖਾ ਮਿਤੀ 24-2-2020 ਪੇਸ਼ ਕੀਤਾ ਗਿਆ ਜ਼ੋ ਕਮਿਸ਼ਨ ਨੂੰ ਸੰਬੋਧਤ ਸੀ, ਜ਼ੋ ਮੁੱਖ ਅਫਸਰ, ਥਾਣਾ ਦਾਖਾ ਵਲੋਂ ਲਿਖਿਆ ਗਿਆ ਸੀ ਜਿਸ ਅਨੁਸਾਰ ਦਸਿਆ ਗਿਆ ਸੀ ਕਿ ਪ੍ਰਾਰਥੀ ਰਾਕੇਸ ਗੁਪਤਾ ਦੀ ਸਕਿਉਰਟੀ ਅਸੈਸਮੈਂਟ ਸਬੰਧੀ ਐਸ.ਆਈ.ਟੀ.ਕਮੇਟੀ ਬਣੀ ਹੋਈ ਹੈ, ਜਿਸਦੇ ਮੈਬਰ ਡੀ.ਸੀ.ਸਾਹਿਬ ਲੁਧਿਆਣਾ, ਐਸ.ਡੀ.ਐਮ. ਸਾਹਿਬ ਲੁਧਿਆਣਾ, ਡੀ.ਐਸ.ਪੀ. ਦਾਖਾ, ਤਹਿਸੀਲਦਾਰ ਅਤੇ 4/5 ਸਿਵਲਮੈਨ ਹਨ, ਜ਼ੋ ਕਮੇਟੀ ਦੀ ਰਿਪੋਰਟ ਆਉਣੀ ਬਾਕੀ ਹੈ, ਇਸ ਲਈ ਸਮੇਂ ਦੀ ਮੰਗ ਕੀਤੀ ਗਈ ਸੀ। ਇਸ ਲਈ ਇਹ ਇਹ ਕੇਸ ਅਗਲੀ ਸੁਣਵਾਈ ਮਿਤੀ 16-03-2020 ਨੂੰ ਸਵੇਰੇ 11:30 ਵਜੇ ਲਈ ਨਿਸਚਿਤ ਕੀਤਾ ਗਿਆ ਸੀ।

3. ਅਪੀਲਕਰਤਾ ਅੱਜ ਪੇਸ਼ੀ ਤੇ ਹਾਜ਼ਰ ਹੋਇਆ ਉਸ ਵਲੋਂ ਦਸਿਆ ਗਿਆ ਕਿ ਅਜੇ ਤੱਕ ਮੁਕੰਮਲ ਸੂਚਨਾ ਮੁਹੱਈਆ ਨਹੀਂ ਕਰਵਾਈ ਗਈ ।

4. ਉੱਤਰਦਾਤਾ (ਲੋਕ ਸੂਚਨਾ ਅਫਸਰ) ਵਲੋਂ ਸ੍ਰੀ ਜ਼ਸਵਿੰਦਰ ਸਿੰਘ ਏ.ਐਸ.ਆਈ ਹਾਜ਼ਰ ਹੋਇਆ, ਉਸ ਵਲੋਂ ਪੱਤਰ ਨ: 190/5ਏ ਥਾਣਾ ਦਾਖਾ ਮਿਤੀ 15-3-2020 ਪੇਸ਼ ਕੀਤਾ ਗਿਆ ਜ਼ੋ ਅਪੀਲਕਰਤਾ ਨੂੰ ਸੰਬੋਧਤ ਹੈ ਅਤੇ ਉਤਾਰਾ ਕਮਿਸ਼ਨ ਨੂੰ ਕੀਤਾ ਗਿਆ ਹੈ। ਪੱਤਰ ਮਿਸਲ ਤੇ ਰੱਖ ਲਿਆ ਗਿਆ ਹੈ।

5. ਅਪੀਲ ਕੇਸ ਨ: 3220 ਅਤੇ 3221 ਆਫ 2019 ਪੂਰਵਲੇ ਕਮਿਸ਼ਨ ਵਲੋਂ ਇਕੋ ਵਿਸ਼ਾ ਹੋਣ ਕਾਰਨ ਕਲੱਬ ਕੀਤੇ ਗਏ ਸਨ ਪਰ ਕੇਸ ਨੂੰ ਘੋਖਣ ਤੇ ਪਾਇਆ ਗਿਆ ਹੈ ਕਿ ਦੋਵੇਂ ਕੇਸਾਂ ਵਿਚ ਪੀ.ਆਈ.ਓ. ਵੱਖ ਵੱਖ ਹਨ। ਇਸ ਲਈ ਦੋਨਾਂ ਕੇਸਾਂ ਵਿਚ ਵੱਖ ਵੱਖ ਪੀ.ਆਈ.ਓ. ਵਲੋਂ ਸੂਚਨਾ ਮਹੁੱਈਆ ਕਰਵਾਈ ਜਾਣੀ ਬਣਦੀ ਹੈ। ਇਸ ਲਈ ਇਹ ਦੋਵੇ ਕੇਸ ਕਲੱਬ ਨਹੀਂ ਕੀਤੇ ਜਾ ਸਕਦੇ। ਅਪੀਲ ਕੇਸ ਨੰ: 3220 ਵਿਚ ਅਪੀਲਕਰਤਾ ਵਲੋਂ ਮਿਤੀ 17-8-2019 ਨੂੰ ਆਰ.ਟੀ.ਆਈ. ਦੀ ਅਰਜੀ ਪਾਈ ਗਈ ਸੀ, ਉਸ ਵਿਚ ਉਸਨੇ 15 ਨੁਕਤਿਆਂ ਸਬੰਧੀ ਜਾਣਕਾਰੀ ਮੰਗੀ ਗਈ ਸੀ ਕਿ ਉਸਦੇ ਪੱਤਰ ਦਾ ਕੀ ਬਣਿਆ, ਜਿਹੜਾ ਉੱਤਰ ਏ.ਡੀ.ਸੀ. ਦਫਤਰ ਵਲੋ਼ ਮਿਤੀ 13-09-2019 ਦੇ ਸਬੰਧ ਵਿਚ ਕਮਿਸ਼ਨ ਨੂੰ ਪੱਤਰ ਨੱ: ਆਰ.ਟੀ.ਆਈ./6998 ਮਿਤੀ 7-10-2019 ਰਾਹੀਂ ਲਿਖਿਆ ਹੋਇਆ ਹੈ ਇਸ ਦੇ ਸਬੰਧ ਉਨ੍ਹਾਂ ਦੇ ਦਫਤਰ ਨਾਲ ਨਹੀਂ ਹੈ। ਅਸਲ ਵਿਚ ਇਸ ਦਾ ਸਬੰਧ ਉੱਤਰਦਾਤਾ ਏ.ਡੀ.ਸੀ.ਲੁਧਿਆਣਾ ਨਾਲ ਹੈ। ਉੱਤਰਦਾਤਾ (ਲੋਕ ਸੂਚਨਾ ਅਫਸਰ) ਮੁੱਖ ਅਫਸਰ,

ਪਰਤੋ ਜੀ-----ਚਲਦਾ ਪੰਨਾ /2

**PUNJAB STATE INFORMATION COMMISSION**
**Red Cross Building, Near Rose Garden,**
**Sector 16, Chandigarh.**
**Ph: 0172-2864113, Email: - psic23@punjabmail.gov.in**
**Visit us: - www.infocommpunjab.com**



**ਅਪੀਲ ਕੇਸ ਨੰ:3221 ਆਫ 2019**

ਥਾਣਾ ਦਾਖਾ ਵਲੋਂ ਸ੍ਰੀ ਜ਼ਸਵਿੰਦਰ ਸਿੰਘ ਏ.ਐਸ.ਆਈ ਹਾਜ਼ਰ ਹੋਇਆ । ਉਸ ਵਲੋਂ ਉਕਤ ਪੱਤਰ ਮਿਤੀ 15-3-2020 ਰਾਹੀਂ ਲੋਕ ਸੂਚਨਾ ਅਫਸਰ ਕਮ ਮੁੱਖ ਅਫਸਰ ਥਾਣਾ ਦਾਖਾ ਵਲੋਂ 20 ਨੁਕਤਿਆਂ ਸਬੰਧੀ ਜਾਣਕਾਰੀ ਦਿੱਤੀ ਜਾ ਰਹੀ ਹੈ ਉਹ ਇਸ ਅਪੀਲ ਕੇਸ ਨੰ: 3221 ਦੇ ਸਬੰਧ ਵਿਚ ਹੈ । ਇਸ ਤਰ੍ਹਾਂ ਅਪੀਲਕਰਤਾ ਨੂੰ ਇਸ ਅਪੀਲ ਕੇਸ ਵਿਚ ਉਤਰਦਾਤਾ ਵਲੋਂ ਆਰ.ਟੀ.ਆਈ. ਅਰਜੀ ਮਿਤੀ 17-8-2019 ਰਾਹੀਂ 20 ਨੁਕਤਿਆਂ ਸਬੰਧੀ ਨੁਕਤਾਵਾਰ ਸੂਚਨਾ ਮੁਹੱਈਆ ਕਰਵਾ ਦਿੱਤੀ ਗਈ ਹੈ। ਇਸ ਲਈ ਅਪੀਲਕਰਤਾ ਨੂੰ ਹਦਾਇਤ ਕੀਤੀ ਜਾਂਦੀ ਹੈ ਕਿ ਉੱਤਰਦਾਤਾ ਵਲੋਂ ਦਿੱਤੀ ਗਈ ਸੂਚਨਾ ਸਬੰਧੀ ਪਾਈਆਂ ਗਈਆਂ ਤਰੁੱਟੀਆਂ ਸਬੰਧੀ ਸਿੱਧੇ ਤੌਰ ਤੇ ਉੱਤਰਦਾਤਾ ਨੂੰ ਲਿਖਤੀ ਰੂਪ ਵਿਚ ਭੇਜਦੇ ਹੋਏ ਕਮਿਸ਼ਨ ਨੂੰ ਸੂਚਿਤ ਕੀਤਾ ਜਾਵੇ। ਇਸ ਦੇ ਨਾਲ ਹੀ ਉੱਤਰਦਾਤਾ ਨੂੰ ਹਦਾਇਤ ਕੀਤੀ ਜਾਂਦੀ ਹੈ ਕਿ ਅਪੀਲਕਰਤਾ ਵਲੋਂ ਦਸੀਆਂ ਗਈਆਂ ਤਰੁੱਟੀਆਂ ਸਬੰਧੀ ਆਪਣਾ ਜਵਾਬ/ਸਪਸ਼ੱਟੀਕਰਨ ਅਗਲੀ ਮਿਤੀ ਤੋਂ ਪਹਿਲਾਂ ਪਹਿਲਾਂ ਅਪੀਲਕਰਤਾ ਨੂੰ ਭੇਜਦੇ ਹੋਏ ਕਮਿਸ਼ਨ ਨੂੰ ਸੂਚਿਤ ਕੀਤਾ ਜਾਵੇ। ਇਸ ਹਦਾਇਤ ਨਾਲ ਇਹ ਕੇ**ਸ ਅਗਲੀ ਸੁਣਵਾਈ ਮਿਤੀ 01-04-2020 ਨੂੰ ਸਵੇਰੇ 11:30 ਵਜੇ ਲਈ ਨਿਸਚਿਤ** ਕੀਤਾ ਜਾਂਦਾ ਹੈ।

(ਨਿਧੱੜਕ ਸਿੰਘ ਬਰਾੜ)
ਰਾਜ ਸੂਚਨਾ ਕਮਿਸ਼ਨਰ, ਪੰਜਾਬ।

ਮਿਤੀ: ਚੰਡੀਗੜ੍ਹ, 16 ਮਾਰਚ, 2020.

**PUNJAB STATE INFORMATION COMMISSION**
**Red Cross Building, Near Rose Garden,**
**Sector 16, Chandigarh.**
**Ph: 0172-2864113, Email: - psic23@punjabmail.gov.in**
**Visit us: - www.infocommpunjab.com**

ਸ੍ਰੀ ਰਵੀ ਕੁਮਾਰ ਪੁੱਤਰ ਸ੍ਰੀ ਧਰਮਿੰਦਰ ਕੁਮਾਰ
107 ਨੇੜੇ ਸੰਤਪੁਰਾ ਗੁਰੂਦਵਾਰਾ ਸਾਹਿਬ,
ਪਟਿਆਲਾ ਗੇਟ, ਸੰਗਰੂਰ। ------ਅਪੀਲਕਰਤਾ

ਬਨਾਮ

ਲੋਕ ਸੂਚਨਾ ਅਫਸਰ,
ਸਕੱਤਰ, ਮਾਰਕੀਟ ਕਮੇਟੀ, ਸੰਗਰੂਰ।

ਲੋਕ ਸੂਚਨਾ ਅਫਸਰ,
ਈ.ਓ. ਨਗਰ ਕਾਂਉਸਲ, ਸੰਗਰੂਰ।

ਪਹਿਲੀ ਅਪੀਲੀ ਅਥਾਰਟੀ,
ਦਫਤਰ ਕੋਲੋਨਾਇਜੇਸ਼ਨ ਵਿਭਾਗ, ਪੰਜਾਬ, ਚੰਡੀਗੜ੍ਹ। ------ਉੱਤਰਦਾਤਾ

**ਅਪੀਲ ਕੇਸ ਨੰ: 4423 ਆਫ 2019**

**ਹਾਜ਼ਰ:**

1. ਅਪੀਲਕਰਤਾ ਸ੍ਰੀ ਰਵੀ ਕੁਮਾਰ
2. ਉੱਤਰਦਾਤਾ (ਲੋਕ ਸੂਚਨਾ ਅਫਸਰ) ਵਲੋਂ ਸ੍ਰੀ ਪਵਨ ਸਿੰਘ, ਸੀ.ਸਹਾਇਕ, ਕੋਲੋਨਾਇਜੇਸ਼ਨ ਵਿਭਾਗ, ਸ੍ਰੀ ਅਰਜੁਨ ਦੇਵ, ਜੇ.ਈ. ਨਗਰ ਕੌਂਸਲ, ਸੰਗਰੂਰ

**ਹੁਕੱਮ:**

ਅਪੀਲਕਰਤਾ ਨੇ ਸੂਚਨਾ ਦਾ ਅਧਿਕਾਰ ਐਕਟ, 2005 ਅਧੀਨ ਇਕ ਬਿਨੈ ਪੱਤਰ ਮਿਤੀ 25-6-2019, ਲੋਕ ਸੂਚਨਾ ਅਧਿਕਾਰੀ ਈ.ਓ. ਨਗਰ ਕਾਂਉਸਲ, ਸੰਗਰੂਰ ਨੂੰ ਪੇਸ਼ ਕੀਤਾ ਸੀ (ਜ਼ੋ ਬਾਅਦ ਵਿਚ ਮਿਤੀ 24-7-2019 ਰਾਹੀਂ ਸਕੱਤਰ, ਮਾਰਕੀਟ ਕਮੇਟੀ, ਸੰਗਰੂਰ ਨੂੰ ਭੇਜਿਆ ਗਿਆ) ਜਿਸ ਰਾਹੀਂ ਉਸ ਨੇ ਦਾਣਾ ਮੰਡੀ ਸੰਗਰੂਰ, ਦੀ ਉਸਾਰੀ ਵੇਲੇ ਪਾਸ ਹੋਏ ਨਕਸ਼ੇ ਦੀ ਤਸਦੀਕ ਸੁਦਾ ਫੋਟੋ ਕਾਪੀ ਨਾਲ ਸੰਬਧਤ 05 ਨੁਕਤਿਆਂ ਸਬੰਧੀ ਸੂਚਨਾ ਦੀ ਮੰਗ ਕੀਤੀ ਗਈ ਸੀ। ਲੋਕ ਸੂਚਨਾ ਅਧਿਕਾਰੀ ਵੱਲੋਂ ਮੰਗੀ ਗਈ ਸੂਚਨਾ ਨਾ ਦੇਣ ਕਾਰਨ ਉਸ ਨੇ ਮਿਤੀ 21-9-2019 ਨੂੰ ਪਹਿਲੀ ਅਪੀਲੀ ਅਥਾਰਟੀ ਕੋਲ ਅਪੀਲ ਦਾਇਰ ਕੀਤੀ ਸੀ। ਉਸ ਉਪਰੰਤ ਉਸ ਨੇ ਮਿਤੀ 28-11-2019 ਨੂੰ ਕਮਿਸ਼ਨ ਕੋਲ ਦੂਜੀ ਅਪੀਲ ਦਾਇਰ ਕੀਤੀ ਸੀ ਜਿਸ ਨੂੰ ਪੜਚੋਲਣ ਉਪਰੰਤ ਮਿਤੀ 08-01-2020 ਨੂੰ ਨੋਟਿਸ ਜਾਰੀ ਕਰਕੇ ਇਹ ਕੇਸ ਪਹਿਲੀ ਸੁਣਵਾਈ ਮਿਤੀ 17-02-2020 ਨੂੰ ਸਵੇਰੇ 11:30 ਵਜੇ ਲਈ ਨਿਸਚਿਤ ਕੀਤਾ ਗਿਆ ਸੀ।ਇਸ ਉਪਰੰਤ ਮਿਤੀ 17-1-2020 ਨੂੰ ਜ਼ਾਰੀ ਨੋਟਿਸ ਰਾਹੀਂ ਇਹ ਕੇਸ ਮੁਲਤਵੀ ਕਰਕੇ ਅਗਲੀ ਮਿਤੀ 24-02-2020 ਨੂੰ ਸਵੇਰੇ 11:30 ਵਜੇ ਲਈ ਨਿਸਚਿਤ ਕੀਤਾ ਗਿਆ ਸੀ।

2. ਪਿਛਲੀ ਮਿਤੀ 24-02-2020 ਨੂੰ ਅਪੀਲਕਰਤਾ ਵਲੋਂ ਸ੍ਰੀ ਜ਼ੋਗਿੰਦਰ ਪਾਲ ਹਾਜ਼ਰ ਹੋਇਆ, ਉਸ ਵਲੋਂ ਦਸਿਆ ਗਿਆ ਕਿ ਉਨ੍ਹਾਂ ਨੂੰ ਮੰਗੀ ਗਈ ਸੂਚਨਾ ਪ੍ਰਾਪਤ ਨਹੀਂ ਹੋਈ। ਉੱਤਰਦਾਤਾ (ਲੋਕ ਸੂਚਨਾ ਅਫਸਰ) ਵਲੋਂ ਸ੍ਰੀ ਜ਼ੋਗਿੰਦਰ ਸਿੰਘ ਸੁਪਰਡੰਟ ਅਪੀਲੀ ਆਥਾਰਟੀ ਵਲੋਂ ਹਾਜ਼ਰ ਹੋਇਆ, ਉਸ ਵਲੋਂ ਦਸਿਆ ਗਿਆ ਕਿ ਇਸ ਸਬੰਧੀ ਕਾਰਵਾਈ ਮਾਰਕਿਟ ਕਮੇਟੀ ਵਲੋਂ ਕੀਤੀ ਜਾਣੀ ਹੈ। ਇਸ ਕੇਸ ਵਿਚ ਸ੍ਰੀ ਅਰਜੁਨ ਦੇਵ, ਜੇ.ਈ. ਅਦਾਲਤ ਦੀ ਕਾਰਵਾਈ ਉਪਰੰਤ ਹਾਜ਼ਰ ਹੋਇਆ, ਉਸ ਵਲੋਂ ਪੱਤਰ ਮਿਤੀ 24-2-2020 ਪੇਸ਼ ਕੀਤਾ ਗਿਆ ਜਿਸ ਰਾਹੀਂ ਦਸਿਆ ਗਿਆ ਕਿ ਇਸ ਕੇਸ ਵਿਚ ਉਨ੍ਹਾਂ ਵਲੋਂ ਪਹਿਲਾਂ ਹੀ ਪੱਤਰ ਪਿੱਠ ਅੰਕਣ ਨੰ: 2124/ਜ:ਸ: ਮਿਤੀ 24-7-2019 ਰਾਹੀਂ ਸਕੱਤਰ, ਮਾਰਕਿਟ ਕਮੇਟੀ, ਸੰਗਰੂਰ ਨੂੰ ਲਿਖਿਆ ਗਿਆ ਸੀ ਕਿ ਪ੍ਰਾਰਥੀ ਵਲੋਂ ਜਿਸ ਸੂਚਨਾ ਦੀ ਮੰਗ ਕੀਤੀ ਗਈ ਹੈ, ਉਸਦਾ ਸਬੰਧ ਉਨ੍ਹਾਂ ਦੇ ਮਹਿਕਮੇ ਨਾਲ ਹੈ ਨਗਰ ਕੌਸਲ ਸੰਗਰੂਰ ਨਾਲ ਨਹੀਂ ਇਹ ਪੱਤਰ ਸਕੱਤਰ ਮਾਰਕੀਟ ਕਮੇਟੀ, ਸੰਗਰੂਰ ਨੂੰ ਸੰਬੋਧਤ ਹੈ ਅਤੇ ਉਤਾਰਾ ਅਪੀਲਕਰਤਾ ਨੂੰ ਕੀਤਾ ਗਿਆ ਹੈ। ਉੱਤਰਦਾਤਾ ਦਫਤਰ ਨਗਰ ਕੌਸਲ, ਸੰਗਰੂਰ ਵਲੋਂ ਦਸੇ ਅਨੁਸਾਰ ਇਸ ਕੇਸ ਵਿਚ ਕਾਰਵਾਈ ਮਾਰਕਿਟ ਕਮੇਟੀ ਸੰਗਰੂਰ ਵਲੋਂ ਕੀਤੀ ਜਾਣੀ ਹੈ, ਜਿਸ ਕਾਰਨ ਉਨ੍ਹਾਂ ਵਲੋਂ ਅਪੀਲਕਰਤਾ ਦੀ ਅਰਜੀ ਉਨ੍ਹਾਂ ਨੂੰ ਪਹਿਲਾਂ ਹੀ ਭੇਜੀ ਗਈ ਸੀ। ਇਸ ਲਈ ਸਕੱਤਰ, ਮਾਰਕਿਟ ਕਮੇਟੀ, ਸੰਗਰੂਰ ਨੂੰ ਹਦਾਇਤ ਕੀਤੀ ਗਈ ਸੀ ਕਿ ਅਗਲੀ ਮਿਤੀ ਤੋਂ ਪਹਿਲਾਂ ਪਹਿਲਾਂ ਅਪੀਲਕਰਤਾ ਵਲੋਂ ਮੰਗੀ ਗਈ

ਪਰਤੋ ਜੀ-----ਚਲਦਾ ਪੰਨਾ/2

**PUNJAB STATE INFORMATION COMMISSION**
**Red Cross Building, Near Rose Garden,**
**Sector 16, Chandigarh.**
**Ph: 0172-2864113, Email: - psic23@punjabmail.gov.in**
**Visit us: - www.infocommpunjab.com**



**ਅਪੀਲ ਕੇਸ ਨੰ: 4423 ਆਫ 2019**

ਸੂਚਨਾ ਮੁਹੱਈਆ ਕਰਵਾਈ ਜਾਵੇ ਅਤੇ ਕਮਿਸ਼ਨ ਨੂੰ ਸੂਚਿਤ ਕੀਤਾ ਜਾਵੇ ਇਸ ਦੇ ਨਾਲ ਹੀ ਹਦਾਇਤ ਕੀਤੀ ਜਾਂਦੀ ਹੈ ਕਿ ਅਗਲੀ ਮਿਤੀ ਤੇ ਹਾਜ਼ਰੀ ਯਕੀਨੀ ਬਣਾਈ ਜਾਵੇ। ਇਸ ਹਦਾਇਤ ਨਾਲ ਇਹ ਕੇਸ ਅਗਲੀ ਸੁਣਵਾਈ ਮਿਤੀ 16-03-2020 ਨੂੰ ਸਵੇਰੇ 11:30 ਵਜੇ ਲਈ ਨਿਸਚਿਤ ਕੀਤਾ ਗਿਆ ਸੀ।

3. ਅਪੀਲਕਰਤਾ ਸ੍ਰੀ ਰਵੀ ਕੁਮਾਰ ਪੇਸ਼ੀ ਤੇ ਹਾਜ਼ਰ ਹੋਇਆ, ਉਸ ਵਲੋਂ ਦਸਿਆ ਗਿਆ ਕਿ ਉਸਨੂੰ ਅੱਜੇ ਤੱਕ ਮੰਗੀ ਗਈ ਸੂਚਨਾ ਮੁਹੱਈਆ ਨਹੀਂ ਕਰਵਾਈ ਗਈ।

4. ਉੱਤਰਦਾਤਾ (ਲੋਕ ਸੂਚਨਾ ਅਫਸਰ) ਵਲੋਂ ਸ੍ਰੀ ਪਵਨ ਸਿੰਘ, ਸੀ.ਸਹਾਇਕ, ਕੋਲੋਨਾਇਜੇਸ਼ਨ ਵਿਭਾਗ,ਵਲੋਂ ਅਤੇ ਸ੍ਰੀ ਅਰਜੁਨ ਦੇਵ, ਜੇ.ਈ. ਨਗਰ ਕੌਂਸਲ, ਸੰਗਰੂਰ ਵਲੋਂ ਹਾਜ਼ਰ ਹੋਏ। ਉਨ੍ਹਾਂ ਵਲੋਂ ਦਸਿਆ ਗਿਆ ਕਿ ਇਹ ਸੂਚਨਾ , ਸਕੱਤਰ, ਮਾਰਕੀਟ ਕਮੇਟੀ, ਸੰਗਰੂਰ ਵਲੋਂ ਦਿੱਤੀ ਜਾਣੀ ਹੈ ਇਸ ਸਬੰਧ ਵਿਚ ਪਿਛਲੀ ਮਿਤੀ ਤੇ ਉਨ੍ਹਾਂ ਵਲੋਂ ਪੱਤਰ ਮਿਤੀ 24-2-2020 ਪੇਸ਼ ਕੀਤਾ ਗਿਆ ਜਿਸ ਰਾਹੀਂ ਦਸਿਆ ਗਿਆ ਸੀ ਕਿ ਇਸ ਕੇਸ ਵਿਚ ਉਨ੍ਹਾਂ ਵਲੋਂ ਪਹਿਲਾਂ ਹੀ ਪੱਤਰ ਪਿੱਠ ਅੰਕਣ ਨੰ: 2124/ਜ:ਸ: ਮਿਤੀ 24-7-2019 ਰਾਹੀਂ ਸਕੱਤਰ, ਮਾਰਕੀਟ ਕਮੇਟੀ, ਸੰਗਰੂਰ ਨੂੰ ਲਿਖਿਆ ਗਿਆ ਸੀ । ਪੱਤਰ ਮਿਸਲ ਤੇ ਉਪਲਬਧ ਹਨ।

5. ਉੱਤਰਦਾਤਾ (ਲੋਕ ਸੂਚਨਾ ਅਫਸਰ) ਈ.ਓ. ਨਗਰ ਕਾਂਉਸਲ, ਸੰਗਰੂਰ ਅਤੇ ਪਹਿਲੀ ਅਪੀਲੀ ਅਥਾਰਟੀ, ਵਲੋਂ ਹਾਜ਼ਰ ਸ੍ਰੀ ਅਰਜੁਨ ਦੇਵ, ਜੇ.ਈ. ਨਗਰ ਕੌਂਸਲ, ਸੰਗਰੂਰ ਅਤੇ ਸ੍ਰੀ ਪਵਨ ਸਿੰਘ, ਸੀ.ਸਹਾਇਕ, ਸ੍ਰੀ ਪਵਨ ਸਿੰਘ, ਸੀ. ਸਹਾਇਕ, ਕੋਲੋਨਾਇਜੇਸ਼ਨ ਵਿਭਾਗ, ਵਲੋਂ ਪਿਛਲੀ ਮਿਤੀ 24-2-2020 ਅਤੇ ਅੱਜ ਹਾਜ਼ਰ ਹੋ ਕੇ ਦਸੀ ਗਈ ਸਥਿਤੀ ਅਤੇ ਪੇਸ਼ ਕੀਤੇ ਗਏ ਦਸਤਾਵੇਜ਼ਾਂ ਅਨੁਸਾਰ ਇਹ ਸੂਚਨਾ , ਸਕੱਤਰ, ਮਾਰਕੀਟ ਕਮੇਟੀ, ਸੰਗਰੂਰ ਵਲੋਂ ਦਿੱਤੀ ਜਾਣੀ ਹੈ। ਇਸ ਲਈ ਈ.ਓ.ਨਗਰ ਕਾਂਉਸਲ ਸੰਗਰੂਰ ਅਤੇ ਪਹਿਲੀ ਅਪੀਲੀ ਅਥਾਰਟੀ, ਕੋਲੋਨਾਇਜੇਸ਼ਨ ਵਿਭਾਗ ਨੂੰ ਪੇਸ਼ੀ ਤੇ ਹਾਜ਼ਰੀ ਤੋਂ ਛੋਟ ਦਿੱਤੀ ਜਾਂਦੀ ਹੈ। ਇਸ ਸਬੰਧ ਵਿਚ ਹੀ ਪੱਤਰ ਪਿੱਠ ਅੰਕਣ ਨੰ: 2124/ਜ:ਸ: ਮਿਤੀ 24-7-2019 ਰਾਹੀਂ ਸਕੱਤਰ, ਮਾਰਕੀਟ ਕਮੇਟੀ, ਸੰਗਰੂਰ ਨੂੰ ਲਿਖਿਆ ਜਾ ਚੁੱਕਾ ਹੈ ਪਰ ਉਨ੍ਹਾਂ ਵਲੋਂ ਅੱਜੇ ਤੱਕ ਸੂਚਨਾ ਮੁਹੱਈਆ ਨਹੀਂ ਕਰਵਾਈ ਜਾ ਰਹੀ ਅਤੇ ਨਾ ਹੀ ਪੇਸ਼ੀ ਤੇ ਹਾਜ਼ਰ ਹੋਏ। ਜਿਸਦਾ ਕਮਿਸ਼ਨ ਵਲੋਂ ਸਖਤ ਨੋਟਿਸ ਲੈਂਦੇ ਹੋਏ ਸਕੱਤਰ, ਮਾਰਕੀਟ ਕਮੇਟੀ, ਸੰਗਰੂਰ ਨੂੰ ਹਦਾਇਤ ਕੀਤੀ ਜਾਂਦੀ ਹੈ ਕਿ ਅਗਲੀ ਮਿਤੀ ਤੋਂ ਪਹਿਲਾਂ ਪਹਿਲਾਂ ਅਪੀਲਕਰਤਾ ਨੂੰ ਮੰਗੀ ਗਈ ਸੂਚਨਾ ਭੇਜੀ ਜਾਵੇ ਅਤੇ ਕਮਿਸ਼ਨ ਨੂੰ ਸੁਚਿਤ ਕਰਨ ਦੇ ਨਾਲ ਨਾਲ ਅਗਲੀ ਮਿਤੀ ਤੇ ਹਾਜ਼ਰੀ ਯਕੀਨੀ ਬਣਾਈ ਜਾਵੇ। ਇਸ ਹਦਾਇਤ ਨਾਲ ਇਹ ਕੇ**ਸ ਅਗਲੀ ਸੁਣਵਾਈ ਮਿਤੀ 01-04-2020 ਨੂੰ ਸਵੇਰੇ 11:30 ਵਜੇ ਲਈ ਨਿਸਚਿਤ** ਕੀਤਾ ਜਾਂਦਾ ਹੈ।

(ਨਿਧੱੜਕ ਸਿੰਘ ਬਰਾੜ)
ਰਾਜ ਸੂਚਨਾ ਕਮਿਸ਼ਨਰ, ਪੰਜਾਬ।

ਮਿਤੀ: ਚੰਡੀਗੜ੍ਹ, 16 ਮਾਰਚ, 2020.

**ਕਾਪੀ : ਸਕੱਤਰ ਮਾਰਕੀਟ ਕਮੇਟੀ, ਸੰਗਰੂਰ ਨੂੰ** ਹਦਾਇਤ ਕੀਤੀ ਜਾਂਦੀ ਹੈ ਕਿ ਅਪੀਲਕਰਤਾ ਨੂੰ ਸੂਚਨਾ ਭੇਜਣ ਦੇ ਨਾਲ ਨਾਲ ਅਗਲੀ ਮਿਤੀ ਤੇ ਹਾਜ਼ਰੀ ਯਕੀਨੀ ਬਣਾਈ ਜਾਵੇ।

**PUNJAB STATE INFORMATION COMMISSION**
**Red Cross Building, Near Rose Garden,**
**Sector 16, Chandigarh.**
**Ph: 0172-2864113, Email: - psic23@punjabmail.gov.in**
**Visit us: - www.infocommpunjab.com**

ਸ਼੍ਰੀ ਰਜਨੀਸ਼ ਕੁਮਾਰ 9815313238
ਪ੍ਰਧਾਨ 19274, ਗੱਲੀ ਨ: 6 ਬੀਬੀ ਵਾਲਾ ਰੋਡ, ਬਠਿੰਡਾ । ------ਅਪੀਲਕਰਤਾ

ਬਨਾਮ

ਲੋਕ ਸੂਚਨਾ ਅਧਿਕਾਰੀ ਈ.ਓ.
ਪ੍ਰਿੰਸੀਪਲ ਡੀ.ਏ.ਵੀ.ਕਾਲਜ਼, ਬਠਿੰਡਾ।

ਪਹਿਲੀ ਅਪੀਲੀ ਅਥਾਰਟੀ ਕਮ
ਪ੍ਰਿੰਸੀਪਲ ਡੀ.ਏ.ਵੀ.ਕਾਲਜ਼, ਬਠਿੰਡਾ। -----ਉੱਤਰਦਾਤਾ

**ਅਪੀਲ ਕੇਸ ਨੰ 4355 ਆਫ 2019**

**ਹਾਜ਼ਰ:**

1. ਅਪੀਲਕਰਤਾ ਵਲੋਂ ਕੋਈ ਨਹੀਂ।
2. ਉੱਤਰਦਾਤਾ (ਲੋਕ ਸੂਚਨਾ ਅਫਸਰ) ਵਲੋਂ ਸ੍ਰੀ ਆਰ.ਐਸ.ਡੱਡਵਾਲ, ਐਡਵੋਕੇਟ (9855041135)

**ਹੁਕੱਮ:**

ਅਪੀਲਕਰਤਾ ਨੇ ਸੂਚਨਾ ਦਾ ਅਧਿਕਾਰ ਐਕਟ, 2005 ਅਧੀਨ ਇਕ ਬਿਨੈ ਪੱਤਰ ਮਿਤੀ 12-8-2019 , ਲੋਕ ਸੂਚਨਾ ਅਧਿਕਾਰੀ ਪ੍ਰਿੰਸੀਪਲ ਡੀ.ਏ.ਵੀ.ਕਾਲਜ਼, ਬਠਿੰਡਾ ਨੂੰ ਪੇਸ਼ ਕੀਤਾ ਸੀ ਜਿਸ ਰਾਹੀਂ ਉਸ ਨੇ ਡੀ.ਏ..ਕਾਲਜ ਬਠਿੰਡਾ ਤੋਂ ਕੰਪਿਊਅਰ ਐਪਲੀਕੇਸ਼ਨ ਦੀ ਪੋਸਟਾਂ ਦੀ ਭਰਤੀ ਨਾਲ ਸੰਬਧਤ 05 ਨੁਕਤਿਆਂ ਸਬੰਧੀ ਸੂਚਨਾ ਦੀ ਮੰਗ ਕੀਤੀ ਗਈ ਸੀ। ਲੋਕ ਸੂਚਨਾ ਅਧਿਕਾਰੀ ਵੱਲੋਂ ਮੰਗੀ ਗਈ ਸੂਚਨਾ ਨਾ ਦੇਣ ਕਾਰਨ ਉਸ ਨੇ ਮਿਤੀ 13-9-2019 ਨੂੰ ਪਹਿਲੀ ਅਪੀਲੀ ਅਥਾਰਟੀ ਕੋਲ ਅਪੀਲ ਦਾਇਰ ਕੀਤੀ ਸੀ। ਉਸ ਉਪਰੰਤ ਉਸ ਨੇ ਮਿਤੀ 25-11-2019 ਨੂੰ ਕਮਿਸ਼ਨ ਕੋਲ ਦੂਜੀ ਅਪੀਲ ਦਾਇਰ ਕੀਤੀ ਸੀ ਜਿਸ ਨੂੰ ਪੜਚੋਲਣ ਉਪਰੰਤ ਮਿਤੀ 03-01-2020 ਨੂੰ ਨੋਟਿਸ ਜਾਰੀ ਕਰਕੇ ਇਹ ਕੇਸ ਪਹਿਲੀ ਸੁਣਵਾਈ ਮਿਤੀ 10-02-2020 ਨੂੰ ਸਵੇਰੇ 11:30 ਵਜੇ ਲਈ ਨਿਸਚਿਤ ਕੀਤਾ ਗਿਆ ਸੀ।ਇਸ ਉਪਰੰਤ ਮਿਤੀ 9-1-2020 ਨੂੰ ਜ਼ਾਰੀ ਨੋਟਿਸ ਰਾਹੀਂ ਮਿਤੀ 19-2-2020 ਅਤੇ ਬਾਅਦ ਵਿਚ ਮਿਤੀ 17-1-2020 ਨੂੰ ਜ਼ਾਰੀ ਨੋਟਿਸ ਰਾਹੀਂ ਇਹ ਕੇਸ ਮੁਲਤਵੀ ਕਰਕੇ ਅਗਲੀ ਮਿਤੀ 26-02-2020 ਨੂੰ ਸਵੇਰੇ 11:30 ਵਜੇ ਲਈ ਨਿਸਚਿਤ ਕੀਤਾ ਗਿਆ ਸੀ।

2. ਪਿਛਲੀ ਮਿਤੀ 26-02-2020 ਨੂੰ ਅਪੀਲਕਰਤਾ ਵਲੋਂ ਕੋਈ ਹਾਜ਼ਰ ਨਹੀਂ ਹੋਇਆ, ਪਰ ਈ.ਮੇਲ. ਮਿਤੀ 20-2-2020 ਰਾਹੀਂ ਪ੍ਰਾਪਤ ਪੱਤਰ ਨ: ਡੀ.ਏ.ਡੀ.ਸੀ.ਆਰ.ਟੀ.ਏ./43/2020 ਮਿਤੀ 20-2-2020 ਰਾਹੀਂ ਲਿਖਿਆ ਗਿਆ ਸੀ ਕਿ ਕੇਸ ਨੰ: 4355 ਆਫ 2019 ਜ਼ੋ ਮਿਤੀ 26-2-2020 ਨੂੰ ਇਸ ਕਮਿਸ਼ਨ ਵਿਚ ਸੁਣਵਾਈ ਲਈ ਨਿਸਚਿਤ ਹੈ, ਵਿਚ ਉੱਤਰਦਾਤਾ ਪਾਸੋਂ 2 ਨੁਕਤਿਆਂ ਸਬੰਧੀ ਅਜੇ ਸੂਚਨਾ ਪ੍ਰਾਪਤ ਨਹੀਂ ਹੋਈ। ਉੱਤਰਦਾਤਾ (ਲੋਕ ਸੂਚਨਾ ਅਫਸਰ) ਵਲੋਂ ਸ੍ਰੀ ਆਰ.ਐਸ.ਡੱਡਵਾਲ, ਐਡਵੋਕੇਟ ਹਾਜ਼ਰ ਹੋਇਆ, ਉਸ ਵਲੋ ਇਸ ਕੇਸ ਵਿਚ ਸਮੇ ਦੀ ਮੰਗ ਕੀਤੀ ਗਈ । ਅਪੀਲਕਰਤਾ ਵਲੋਂ ਕੋਈ ਹਾਜ਼ਰ ਨਹੀਂ ਹੋਇਆ, ਪਰ ਈ.ਮੇਲ. ਮਿਤੀ 20-2-2020 ਰਾਹੀਂ ਦਸਿਆ ਗਿਆ ਕਿ ਉੱਤਰਦਾਤਾ ਪਾਸੋਂ 2 ਨੁਕਤਿਆਂ ਸਬੰਧੀ ਅਜੇ ਸੂਚਨਾ ਪ੍ਰਾਪਤ ਨਹੀਂ ਹੋਈ। ਉੱਤਰਦਾਤਾ (ਲੋਕ ਸੂਚਨਾ ਅਫਸਰ) ਵਲੋਂ ਹਾਜ਼ਰ ਨੁਮਾਇੰਦੇ ਵਲੋ ਇਸ ਕੇਸ ਵਿਚ ਸਮੇ ਦੀ ਮੰਗ ਕੀਤੀ ਗਈ ਸੀ। ਇਹ ਕੇਸ ਅਗਲੀ ਸੁਣਵਾਈ ਮਿਤੀ 16-03-2020 ਨੂੰ ਸਵੇਰੇ 11:30 ਵਜੇ ਲਈ ਨਿਸਚਿਤ ਕੀਤਾ ਗਿਆ ਸੀ।

3. ਅਪੀਲਕਰਤਾ ਅੱਜ ਪੇਸ਼ੀ ਤੇ ਹਾਜ਼ਰ ਨਹੀਂ ਹੋਇਆ ਅਤੇ ਨਾ ਹੀ ਹਾਜ਼ਰ ਨਾ ਹੋਣ ਬਾਰੇ ਕੋਈ ਜਾਣਕਾਰੀ ਪ੍ਰਾਪਤ ਹੋਈ ਹੈ।

4. ਉੱਤਰਦਾਤਾ ਵਲੋਂ ਕੋਈ ਹਾਜ਼ਰ ਨਹੀ਼ ਹੋਇਆ, ਪਰ ਟੈਲੀਫੋਨ ਰਾਹੀਂ ਦਸਿਆ ਗਿਆ ਕਿ ਉਨ੍ਹਾਂ ਦੇ ਕਾਲਜ ਦੇ ਕਿਸੇ ਕਰਮਚਾਰੀ ਵਲੋਂ ਸੁਸਾਇਡ ਕਰ ਲਿਆ ਗਿਆ ਹੈ ਜਿਸ ਕਰਕੇ ਇਸ ਕੇਸ ਵਿਚ ਅਗਲੀ ਮਿਤੀ ਦਿੱਤੀ ਜਾਵੇ। ਇਸ ਲਈ ਉੱਤਰਦਾਤਾ ਦੀ ਬੇਨਤੀ ਨੂੰ ਪ੍ਰਵਾਨ ਕਰਦੇ ਹੋਏ ਇਹ ਕੇਸ ਅਗਲੀ **ਸੁਣਵਾਈ ਮਿਤੀ 01-04-2020 ਨੂੰ ਸਵੇਰੇ 11:30 ਵਜੇ ਲਈ ਨਿਸਚਿਤ** ਕੀਤਾ ਜਾਂਦਾ ਹੈ।

**(ਨਿਧੱੜਕ ਸਿੰਘ ਬਰਾੜ)**

**ਮਿਤੀ: ਚੰਡੀਗੜ੍ਹ,** 16 ਮਾਰਚ, 2020. **ਰਾਜ ਸੂਚਨਾ ਕਮਿਸ਼ਨਰ, ਪੰਜਾਬ।**

**PUNJAB STATE INFORMATION COMMISSION**
**Red Cross Building, Near Rose Garden,**
**Sector 16, Chandigarh.**
**Ph: 0172-2864113, Email: - psic23@punjabmail.gov.in**
**Visit us: - www.infocommpunjab.com**

ਸ਼੍ਰੀ ਸੋਹਨ ਸਿੰਘ ਪੁੱਤਰ ਸ੍ਰੀ ਸੂਚਾ ਸਿੰਘ 9464869183
ਪਿੰਡ ਵਾੜਾ, ਡਾਕ: ਪਥਰੇਡੀ ਜੱਟਾਂ ਤਹਿਸੀਲ ਅਤੇ ਜ਼ਿਲਾ ਰੂਪਨਗਰ। ------ਸ਼ਿਕਾਇਤਕਰਤਾ

ਬਨਾਮ

ਲੋਕ ਸੂਚਨਾ ਅਧਿਕਾਰੀ
ਦਫਤਰ ਡਿਪਟੀ ਕਮਿਸ਼ਨ , ਰੂਪਨਗਰ। -----ਉੱਤਰਦਾਤਾ

**ਸ਼ਿਕਾਇਤ ਕੇਸ ਨੰ 1002 ਆਫ 2019**

**ਹਾਜ਼ਰ:**

1. ਸ਼ਿਕਾਇਤਕਰਤਾ ਸ਼੍ਰੀ ਸੋਹਨ ਸਿੰਘ
2. ਉੱਤਰਦਾਤਾ (ਲੋਕ ਸੂਚਨਾ ਅਫਸਰ) ਵਲੋਂ ਸ੍ਰੀ ਰਣਜੀਤ ਸਿੰਘ, ਪੰਚਾਇਤ ਸਕੱਤਰ (9463101513)

**ਹੁਕੱਮ:**

ਸ਼ਿਕਾਇਤਕਰਤਾ ਨੇ ਸੂਚਨਾ ਦਾ ਅਧਿਕਾਰ ਐਕਟ, 2005 ਅਧੀਨ ਇਕ ਬਿਨੈ ਪੱਤਰ ਮਿਤੀ 25-6-2019 , ਲੋਕ ਸੂਚਨਾ ਅਧਿਕਾਰੀ ਦਫਤਰ ਡਿਪਟੀ ਕਮਿਸ਼ਨ , ਰੂਪਨਗਰ ਨੂੰ ਪੇਸ਼ ਕੀਤਾ ਸੀ ਜਿਸ ਰਾਹੀਂ ਉਸ ਨੇ ਬਾੜਾ, ਪਿੰਡ ਦੇ ਤਰਲੋਚਨ ਸਿੰਘ, ਹਰਜੀਤ ਸਿੰਘ ਪੁੱਤਰ ਸ੍ਰੀ ਹਰੀ ਰਾਮ ਚਰੰਜੀ ਲਾਲ ਦੀ ਪੰਚਾਇਤ ਵਲੋਂ ਪਲਾਟ ਅਤੇ ਮਕਾਨ ਬਣਦਾ ਕੇ ਦਿਤੇ ਗਏ ਸਨ ਨਾਲ ਸੰਬਧਤ ਸੂਚਨਾ ਦੀ ਮੰਗ ਕੀਤੀ ਗਈ ਸੀ। ਲੋਕ ਸੂਚਨਾ ਅਧਿਕਾਰੀ ਵੱਲੋਂ ਮੰਗੀ ਗਈ ਸੂਚਨਾ ਨਾ ਦੇਣ ਕਾਰਨ ਉਸ ਨੇ ਮਿਤੀ 22-11-2019 ਨੂੰ ਕਮਿਸ਼ਨ ਕੋਲ ਸ਼ਿਕਾਇਤ ਦਾਇਰ ਕੀਤੀ ਸੀ ਜਿਸ ਨੂੰ ਪੜਚੋਲਣ ਉਪਰੰਤ ਮਿਤੀ 03-01-2020 ਨੂੰ ਨੋਟਿਸ ਜਾਰੀ ਕਰਕੇ ਇਹ ਕੇਸ ਪਹਿਲੀ ਸੁਣਵਾਈ ਮਿਤੀ 10-02-2020 ਨੂੰ ਸਵੇਰੇ 11:30 ਵਜੇ ਲਈ ਨਿਸਚਿਤ ਕੀਤਾ ਗਿਆ ਸੀ।ਇਸ ਉਪਰੰਤ ਮਿਤੀ 9-1-2020 ਨੂੰ ਜ਼ਾਰੀ ਨੋਟਿਸ ਰਾਹੀਂ ਮਿਤੀ 19-2-2020 ਅਤੇ ਬਾਅਦ ਵਿਚ ਮਿਤੀ 17-1-2020 ਨੂੰ ਜ਼ਾਰੀ ਨੋਟਿਸ ਰਾਹੀਂ ਇਹ ਕੇਸ ਮੁਲਤਵੀ ਕਰਕੇ ਅਗਲੀ ਮਿਤੀ 26-02-2020 ਨੂੰ ਸਵੇਰੇ 11:30 ਵਜੇ ਲਈ ਨਿਸਚਿਤ ਕੀਤਾ ਗਿਆ ਸੀ।

2. ਪਿਛਲੀ ਮਿਤੀ 26-02-2020 ਨੂੰ ਸ਼ਿਕਾਇਤਕਰਤਾ ਸ੍ਰੀ ਸੋਹਣ ਸਿਘ ਪੇਸ਼ੀ ਤੇ ਹਾਜ਼ਰ ਹੋਇਆ। ਉਸ ਵਲੋਂ ਦਸਿਆ ਗਿਆ ਸੀ ਕਿ ਡਿਪਟੀ ਕਮਿਸ਼ਨਰ ਵਲੋਂ ਪੱਤਰ ਮਿਤੀ 27-1-2020 ਰਾਹੀਂ ਡੀ.ਡੀ.ਪੀ.ਓ. ਰੂਪਨਗਰ ਨੂੰ ਲਿਖਿਆ ਗਿਆ ਹੈ ਕਿ ਬਿਨੈਕਾਰ ਵਲੋਂ ਮੰਗੀ ਗਈ ਸੂਚਨਾ ਆਪਣੇ ਪੱਧਰ ਤੇ ਮੁਹੱਈਆ ਕਰਵਾ ਦਿੱਤੀ ਜਾਵੇ ਅਤੇ ਕਾਪੀ ਸ਼ਿਕਾਇਤਕਰਤਾ ਨੂੰ ਕੀਤੀ ਗਈ ਸੀ। ਇਸ ਤੋਂ ਇਲਾਵਾ ਉਸ ਵਲੋਂ ਦਸਿਆ ਗਿਆ ਕਿ ਉਸਨੂੰ ਜ਼ੋ ਸੂਚਨਾ ਦਿਤੀ ਗਈ ਹੈ ਉਸ ਮੱਤੇ ਦੀ ਕਾਪੀ ਤੇ ਕੋਈ ਤਾਰੀਖ ਨਹੀਂ ਪਾਈ ਗਈ ਅਤੇ ਨਾਂ ਹੀ ਕਿਸੇ ਅਧਿਕਾਰੀ ਵਲੋਂ ਪ੍ਰਵਾਨਗੀ ਦਿਤੀ ਗਈ ਹੈ।ਉੱਤਰਦਾਤਾ ਵਲੋਂ ਕੋਈ ਹਾਜ਼ਰ ਨਹੀਂ ਹੋਇਆ ਪਰ ਸ੍ਰੀ ਰਣਜੀਤ ਸਿੰਘ, ਪੰਚਾਇਤ ਸਕੱਤਰ ਕੋਰਟ ਦੀ ਕਾਰਵਾਈ ਉਪਰੰਤ ਹਾਜ਼ਰ ਹੋਇਆ ਸੀ ਉਸਨੂੰ ਅਦਾਲਤ ਵਿਚ ਹੋਈ ਕਾਰਵਾਈ ਤੋਂ ਜਾਣੂ ਕਰਵਾ ਦਿੱਤਾ ਗਿਆ ਹੈ ।ਇਸ ਕੇਸ ਵਿਚ ਦਿੱਤੀ ਗਈ ਸੂਚਨਾ ਤੇ ਮਿਤੀ ਨਹੀਂ ਅਤੇ ਇਹ ਸੂਚਨਾ ਅਧੂਰੀ ਹੋਣ ਕਾਰਨ ਉੱਤਰਦਾਤਾ ਵਿਭਾਗ ਨੂੰ ਅਗਲੀ ਮਿਤੀ ਤੇ ਪੇਸ਼ ਹੋ ਕੇ ਆਪਣਾ ਪੱਖ ਪੇਸ਼ ਕਰਨ ਲਈ ਹਦਾਇਤ ਦੇ ਨਾਲ ਇਹ ਕੇਸ ਅਗਲੀ ਸੁਣਵਾਈ ਮਿਤੀ 16-03-2020 ਨੂੰ ਸਵੇਰੇ 11:30 ਵਜੇ ਲਈ ਨਿਸਚਿਤ ਕੀਤਾ ਗਿਆ ਸੀ।

3. ਸ਼ਿਕਾਇਤਕਰਤਾ ਸ੍ਰੀ ਸੋਹਨ ਸਿੰਘ ਹਾਜ਼ਰ ਹੋਇਆ, ਉਸ ਵਲੋਂ ਦਸਿਆ ਗਿਆ ਕਿ ਸੂਚਨਾ ਪ੍ਰਾਪਤ ਹੋ ਚੁੱਕੀ ਹੈ ਪਰ ਉਸ ਮੱਤੇ ਦੀ ਕਾਪੀ ਤੇ ਕੋਈ ਤਾਰੀਖ ਨਹੀਂ ਪਾਈ ਗਈ ਅਤੇ ਨਾਂ ਹੀ ਕਿਸੇ ਅਧਿਕਾਰੀ ਵਲੋਂ ਪ੍ਰਵਾਨਗੀ ਦਿਤੀ ਗਈ ਹੈ।

4. ਉੱਤਰਦਾਤਾ (ਲੋਕ ਸੂਚਨਾ ਅਫਸਰ) ਵਲੋਂ ਸ੍ਰੀ ਰਣਜੀਤ ਸਿੰਘ, ਪੰਚਾਇਤ ਸਕੱਤਰ ਹਾਜਰ ਹੋਇਆ, ਉਸ ਵਲੋਂ ਲਿਆਂਗੀ ਗਈ ਸੂਚਨਾ (ਅਸਲ ਰਜਿਸਟਰ ) ਕਮਿਸ਼ਨ ਨੂੰ ਵਿਖਾਇਆ, ਜਿਸ ਵਿਚ ਮੱਤੇ ਦੀ ਕਾਪੀ ਸ਼ਿਕਾਇਤਕਰਤਾ ਨੂੰ ਦੇ ਦਿੱਤੀ ਗਈ।

5. ਉੱਤਰਦਾਤਾ ਵਲੋਂ ਹਾਜ਼ਰ ਨੁਮਾਇੰਦੇ ਵਲੋਂ ਸ਼ਿਕਾਇਤਕਰਤਾ ਦੀ ਮੰਗ ਅਨੁਸਾਰ ਮੁਕੰਮਲ ਮੱਤੇ ਦੀ ਕਾਪੀ ਜਿਸਤੇ ਤਾਰੀਖ ਆਦਿ ਸ਼ਾਮਲ ਸੀ ਪੇਸ਼ੀ ਦੋਰਾਨ ਦੇ ਦਿੱਤੀ ਗਈ। ਉਸ ਵਲੋਂ ਇਹ ਕਾਪੀ ਅਟੈਸਟ ਕਰਕੇ ਦੇਣ ਲਈ ਬੇਨਤੀ ਕਰਨ ਤੇ ਉੱਤਰਦਾਤਾ ਵਲੋਂ ਦਿੱਤੀ ਗਈ ਕਾਪੀ ਨੂੰ ਅਟੈਸਟ ਕਰ ਦਿੱਤਾ ਗਿਆ। ਇਸ ਤਰ੍ਹਾਂ ਸ਼ਿਕਾਇਤਕਰਤਾ ਨੂੰ ਸੂਚਨਾ ਮੁਹੱਈਆ ਕਰਵਾ ਦਿੱਤੀ ਗਈ ਹੈ। ਇਸ ਲਈ ਇਸ ਕੇਸ ਵਿਚ ਹੋਰ ਕਿਸੇ ਕਾਰਵਾਈ ਦੀ ਲੋੜ ਨਹੀਂ। ਇਹ ਕੇਸ **ਦਾਖਲ ਦਫਤਰ** ਕੀਤਾ ਜਾਂਦਾ ਹੈ।

**(ਨਿਧੱੜਕ ਸਿੰਘ ਬਰਾੜ)**

**ਮਿਤੀ: ਚੰਡੀਗੜ੍ਹ,** 16 ਮਾਰਚ, 2020. **ਰਾਜ ਸੂਚਨਾ ਕਮਿਸ਼ਨਰ, ਪੰਜਾਬ।**